Hansti Duniya (Punjabi)
Vol. 47 No. 02 Feburary 2023

₹ 15/-

# ਹੰਸਤੀ ਦੁਨੀਆ



# ਹੰਸਤੀ ਦੁਨੀਆ

★ VOL - 47

★ ਅੰਕ - 02 ★ ਫਰਵਰੀ 2023 ★ Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher Raj Kumari, on behalf of Sant Nirankari Mandal, Delhi-110009, Printed at HT Media Limited, Plot No. 8, Udyog Vihar, Greater Noida- 201306 (U.P.) & published at Sant Nirankari Satsang Bhawan, Sant Nirankari Colony, Delhi-110009



Editor (Honorary)

Sulekh Singh 'Sathi'

E-mail : editorial@nirankari.org

Ph. : 011-47660200

Fax : 011-27608215

Website : www.nirankari.org

kids.nirankari.org


## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |


Other Countries

Equivalent to U.S. Dollars as mentioned above.













## ਸਤੰਭ


ਸਭ ਤੋਂ ਪਹਿਲਾਂ 04

ਵਿਗਿਆਨ ਪ੍ਰਸ਼ਨੋਤਰੀ 12

ਹਾਸਾ-ਖੇਡਾ 18

ਸਾਧਾਰਣ ਗਿਆਨ ਪ੍ਰਸ਼ਨੋਤਰੀ 21


ਕੀ ਤੁਸੀਂ ਜਾਣਦੇ ਹੋ? 29

ਬੁਝਾਰਤਾਂ 35

ਰੰਗ ਭਰੋ ਪ੍ਰਤੀਯੋਗਿਤਾ 39

ਕਦੇ ਨਾ ਭੁੱਲੋ 44

ਬੁੱਧੀ ਦੀ ਪਰਖ 50


## ਚਿੱਤਰਕਥਾਵਾਂ


ਕਿੱਟੀ 22

ਚਿੱਤਰਕਥਾ 46

# ਹੰਸਤੀ ਦੁਨੀਆ

## ਕਹਾਣੀਆਂ


06. ਦੀਵਾ ਅਤੇ ਮੋਮਬੱਤੀ
– ਪ੍ਰਿਤਪਾਲ ਸਾਦਿਕ

10. ਸਮਝਦਾਰੀ ਨਾਲ ਮਿਲਦੀ ...
– ਕਮਲ ਸੋਗਾਨੀ

14. ਪ੍ਰੇਰਣਾ
– ਅਮਰਜੀਤ ਸਿੰਘ


16. ਚੀਨ ਦੀ ਵਿਸ਼ਾਲ ਦੀਵਾਰ
– ਨੀਲਮ ਭਾਟੀਆ

26. ਨੀਲਾਮ ਬਚਪਨ
– ਹਰਜਿੰਦਰ ਪਾਇਲ

30. ਮੋਤੀ ਜੁਗਨੂੰ
– ਕਲਪਨਾਥ ਸਿੰਘ


37. ਡੱਬਖੜੱਬਾ ਖਰਗੋਸ਼ ਅਤੇ ...
– ਅਮਨਪ੍ਰੀਤ ਸਿੰਘ

42. ਜੈਸੀ ਸੰਗਤ ਵੈਸੀ ਰੰਗਤ
– ਏ.ਪੀ. ਸਿੰਘ


















## ਗੀਤ-ਕਵਿਤਾਵਾਂ


05. ਸਾਡਾ ਸੌਰਮੰਡਲ
– ਅੰਮ੍ਰਿਤ ਹਰਮਨ

20. ਵਾਤਾਵਰਣ ਸੁਰੱਖਿਆ
– ਸ਼ੰਕਰ ਲਾਲ

42. ਸਮਾਂ
– ਰਾਜੇਸ਼ ਚੌਧਰੀ


## ਵਿਸ਼ੇਸ਼ ਲੇਖ


08. ਸਪੇਸ ਸੂਟ
– ਵਿਦਿਆ ਪ੍ਰਕਾਸ਼

13. ਮਿਹਨਤੀ ਕੀੜੀਆਂ
– ਅਨੀਤਾ ਕਪੂਰ

09. ਸਭ ਤੋਂ ਮਹਾਨ ਕੌਣ?
– ਰਾਧਾ ਨਾਚੀਜ਼

11. ਹੈਰਾਨੀਜਨਕ ਸੱਚਾਈ
– ਵਿਭਾ ਵਰਮਾ

15. ਕੀ ਹੈ ਮੌਤ ਦੀ ਘਾਟੀ?
– ਕਿਰਣਬਾਲਾ

33. ਆਂਵਲਾ
– ਪਰਿਧੀ ਜੈਨ

34. ਪਪੀਹਾ ਚਲਾਕ ਪੰਛੀ
– ਰਿਸ਼ੀ ਮੋਹਨ

36. ਡਾ. ਰਾਜਿੰਦਰ ਪ੍ਰਸਾਦ
– ਕੈਲਾਸ਼ ਜੈਨ

45. ਗਜ਼ਬ ਦੀਆਂ ਮੱਕੜੀਆਂ
– ਜੱਸੀ



# ਪਰਿਵਰਤਨ ਲਿਆਈਏ

ਪਿਆਰੇ ਬੱਚਿਓ ! ਸਾਲ ਪਰਿਵਰਤਿਤ ਹੋ ਗਿਆ ਹੈ, ਮੌਸਮ ਵਿੱਚ ਵੀ ਪਰਿਵਰਤਨ ਆ ਰਿਹਾ ਹੈ। ਸਰਦੀ ਜਾ ਰਹੀ ਹੈ ਅਤੇ ਬਸੰਤ ਬਹਾਰ ਸ਼ੁਰੂ ਹੋ ਰਹੀ ਹੈ। ਇੱਕ ਕਹਾਵਤ ਮਸ਼ਹੂਰ ਹੈ ਕਿ 'ਆਇਆ ਬਸੰਤ ਪਾਲਾ ਉਡੰਤ'। ਭਾਵ ਬਸੰਤ ਰੁੱਤ ਦੀ ਸ਼ੁਰੂਆਤ ਹੁੰਦੇ ਹੀ ਸਰਦੀ ਦੀ ਰੁੱਤ ਦਾ ਅੰਤ ਹੋਣਾ ਸ਼ੁਰੂ ਹੋ ਜਾਂਦਾ ਹੈ। ਭਾਰਤ ਦੇਸ਼ ਦੀ ਵਿਸ਼ੇਸ਼ਤਾ ਹੈ ਕਿ ਇਥੇ ਅਨੇਕਾਂ ਰੁੱਤਾਂ ਹਨ। ਗਰਮੀ, ਸਰਦੀ, ਬਸੰਤ ਅਤੇ ਪਤਝੜ ਆਦਿ। ਹਰ ਰੁੱਤ ਦਾ ਅਪਣਾ ਹੀ ਮਹਤੱਵ ਹੁੰਦਾ ਹੈ। ਇਨ੍ਹਾਂ ਦੇ ਬਦਲਾਵ ਕਾਰਣ ਹੀ ਕਈ ਫਸਲਾਂ ਪੱਕਦੀਆ ਹਨ। ਇਨ੍ਹਾਂ ਰੱਤਾਂ ਨਾਲ ਅਨੇਕਾਂ ਤਿਉਹਾਰ ਵੀ ਸੰਬੰਧਿਤ ਹਨ। ਰੁੱਤਾਂ ਦਾ ਬਦਲਾਵ ਵਾਤਾਵਰਣ ਨੂੰ ਬਦਲਦਾ ਹੈ। ਪਿਛਲੇ ਦਿਨੀਂ ਦਿੱਲੀ ਅਤੇ ਅਨੇਕਾਂ ਰਾਜਾਂ ਵਿੱਚ ਪ੍ਰਦੂਸ਼ਣ ਦੀ ਸੱਮਸਿਆ ਕਾਫ਼ੀ ਗੰਭੀਰ ਰਹੀ ਹੈ ਜਿਸ ਕਾਰਣ ਬਹੁਤ ਸਾਰੀਆਂ ਬੀਮਾਰੀਆਂ ਨੇ ਅਪਣਾ ਅਸਰ ਵਿਖਾਉਣਾ ਸ਼ੁਰੂ ਕਰ ਦਿੱਤਾ ਸੀ। ਇਸਲਈ ਜ਼ਰੂਰਤ ਇਸ ਗੱਲ ਦੀ ਹੈ ਕਿ ਮੌਸਮ ਭਾਵੇਂ ਕੋਈ ਵੀ ਹੋਵੇ ਸਾਨੂੰ ਪ੍ਰਦੂਸ਼ਣ ਤੋਂ ਬਚਣ ਦੀ ਬਹੁਤ ਜ਼ਰੂਰਤ ਹੈ, ਖ਼ਾਸ ਕਰਕੇ ਬੱਚਿਆਂ ਨੂੰ। ਅਕਸਰ ਬੱਚਿਆਂ ਨੂੰ ਇਸ ਬਦਲਦੇ ਮੌਸਮ ਦਾ ਧਿਆਨ ਨਹੀਂ ਹੁੰਦਾ। ਉਹ ਜ਼ਰਾਂ ਜਿਹੀ ਗਰਮੀ ਮਹਿਸੂਸ ਹੁੰਦਿਆਂ ਹੀ ਗਰਮ ਕਪੜਿਆਂ ਨੂੰ ਅਲਵਿਦਾ ਆਖ ਦਿੰਦੇ ਹਨ ਜਦਕਿ ਅਜਿਹਾ ਕਰਨਾ ਠੀਕ ਨਹੀਂ ਹੁੰਦਾ। ਸਰਦੀ ਦਾ ਮੌਸਮ ਜਾਂਦੇ-ਜਾਂਦੇ ਵੀ ਅਪਣਾ ਅਸਰ ਦਿਖਾ ਸਕਦਾ ਹੈ ਜੋ ਬੱਚਿਆਂ ਲਈ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਖੜੀਆਂ ਕਰ ਸਕਦਾ ਹੈ। ਇਸਲਈ ਅਸੀਂ ਅਪਣੀ ਸਿਹਤ ਦਾ ਖ਼ਿਆਲ ਰੱਖਣਾ ਹੈ।


ਪਿਆਰੇ ਬੱਚਿਓ ! ਅਸੀਂ ਜਾਣਦੇ ਹਾਂ ਕਿ ਫਰਵਰੀ ਦੀ 23 ਤਾਰੀਕ ਨੂੰ ਯੁਗਦ੍ਰਿਸ਼ਟਾ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਦਾ ਪਾਵਨ ਜਨਮ ਦਿਵਸ ਹੁੰਦਾ ਹੈ। ਬਾਬਾ ਹਰਦੇਵ ਸਿੰਘ ਜੀ ਨੇ ਅਪਣਾ ਸਾਰਾ ਜੀਵਨ ਮਨੁੱਖਤਾ ਦੇ ਕਲਿਆਣ ਲਈ ਸਮਰਪਿਤ ਕੀਤਾ ਹੋਇਆ ਸੀ। ਉਨ੍ਹਾਂ ਧਰਤੀ ਤੇ ਵੱਸਣ ਵਾਲੇ ਹਰ ਇਨਸਾਨ ਨੂੰ ਜਿਥੇ ਪ੍ਰਭੂ ਪ੍ਰਮਾਤਮਾ ਦਾ ਗਿਆਨ ਪ੍ਰਦਾਨ ਕੀਤਾ ਉਥੇ ਸਮਾਜ ਦੇ ਕਲਿਆਣ ਅਤੇ ਉਥੱਾਨ ਲਈ ਅਨੇਕਾਂ ਅਜਿਹੇ ਕਾਰਜ ਅਰੰਭੇ ਜੋ ਉਨ੍ਹਾਂ ਦੇ ਬ੍ਰਹਮਲੀਨ ਹੋਣ ਤੋਂ ਬਾਅਦ ਅਜ ਵੀ ਉਸੇ ਰੂਪ ਵਿੱਚ ਪ੍ਰਾਸੰਗਿਕ ਵੀ ਹਨ ਅਤੇ ਜਾਰੀ ਵੀ ਹਨ। ''ਖ਼ੂਨ ਨਾਲੀਆਂ ਵਿੱਚ ਨਹੀਂ ਨਾੜੀਆਂ ਵਿੱਚ ਵਹੇ'' ਅਤੇ 'ਪ੍ਰਦੂਸ਼ਣ ਅੰਦਰ ਦਾ ਹੋਵੇ ਜਾਂ ਬਾਹਰ ਦੋਵੇਂ ਹੀ ਖਤਰਨਾਕ ਹਨ' ਵਰਗੀਆਂ ਪ੍ਰੇਰਣਾਦਾਇਕ ਸਿੱਖਿਆਵਾਂ ਉਨ੍ਹਾਂ ਅਪਣੇ ਕਿਰਦਾਰ ਰਾਹੀਂ ਸਾਨੂੰ ਸਮਝਾਉਣ ਦਾ ਜਤਨ ਕੀਤਾ। ਆਪਣੇ ਜਨਮ ਦਿਨ ਨੂੰ ਵੀ ਉਨ੍ਹਾਂ 'ਸਫ਼ਾਈ ਮੁਹਿੰਮ' ਦਾ ਰੂਪ ਦੇ ਦਿੱਤਾ ਤਾਂਕਿ ਹਰ ਕੋਈ ਸਫ਼ਾਈ ਦੀ ਮਹੱਤਤਾ ਨੂੰ ਸਮਝ ਸਕੇ ਅਤੇ ਅਪਣੇ ਜੀਵਨ ਵਿੱਚ ਅਪਨਾ ਸਕੇ।

ਪਿਆਰੇ ਬੱਚਿਓ ! ਮੌਸਮ ਦੇ ਪਰਿਵਰਤਨ ਦੇ ਨਾਲ-ਨਾਲ ਅਸੀਂ ਅਪਣੇ ਜੀਵਨ ਵਿੱਚ ਵੀ ਪਰਿਵਰਤਨ ਲਿਆਉਣਾ ਹੈ ਅਤੇ ਇੱਕ ਸੁੰਦਰ ਅਤੇ ਪ੍ਰਭਾਵਸ਼ਾਲੀ ਜੀਵਨ ਜੀਣਾ ਹੈ।

✍ ***ਸੁਲੇਖ 'ਸਾਥੀ'***
sulekh.sathi@nirankari.org

ਕਵਿਤਾ : ਅੰਮ੍ਰਿਤ ਹਰਮਨ


# ਸਾਡਾ ਸੌਰਮੰਡਲ



ਆਉ ਬੱਚਿਉ ਅੱਜ ਪੜ੍ਹੀਏ,
ਅਸੀਂ ਸੌਰਮੰਡਲ ਦਾ ਪਾਠ।

ਸੂਰਜ ਹੈ ਪਰਿਵਾਰ ਦਾ ਮੁਖੀਆ,
ਕੁੱਲ ਗ੍ਰਹਿ ਹਨ ਇਸ ਦੇ ਅੱਠ।

ਪਰਿਕ੍ਰਮਾ ਸੂਰਜ ਦੀ ਵੇਖੋ,
ਲਗਾਤਾਰ ਹਨ ਸਾਰੇ ਕਰਦੇ।



ਆਪਣੀ-ਆਪਣੀ ਜਮਾਤ ਵਿੱਚ,
ਸਾਰੇ ਚੱਕਰ ਕੱਟਿਆ ਕਰਦੇ।

ਬੁੱਧ ਹੈ ਸਭ ਤੋਂ ਨੇੜੇ ਸੂਰਜ ਦੇ,
ਸ਼ੁਕਰ ਦਾ ਨੰਬਰ ਦੂਜਾ।

ਤੀਜੇ ਤੇ ਪ੍ਰਿਥਵੀ ਹੈ ਆਪਣੀ,
ਇਸ ਵਰਗਾ ਨਾ ਗ੍ਰਹਿ ਦੂਜਾ।




ਚੌਥਾ ਮੰਗਲ, ਪੰਜਵਾਂ ਬ੍ਰਹਿਸਪਤੀ,
ਸ਼ਨੀ ਹੈ ਛੇਵੇਂ ਨੰਬਰ ਤੇ।

ਯੁਰੇਨਸ ਸੱਤਵੇਂ ਸਥਾਨ ਤੇ ਹੈ,
ਨੇਪਚਿਊਨ ਹੈ ਅੱਠਵੇਂ ਨੰਬਰ ਤੇ।

ਕਿੰਨਾ ਵਿਸ਼ਾਲ ਹੈ ਸੌਰਮੰਡਲ,
ਕਿਵੇਂ ਹੁਣ ਤੁਹਾਨੂੰ ਦੱਸੀਏ।

ਕਿੰਨੇ ਸੌਰਮੰਡਲ ਹਨ ਇਹੋ ਜਿਹੇ,
ਵਿਗਿਆਨਿਕ ਵੀ ਗਿਣ ਨਾ ਸਕੇ।



# ਦੀਵਾ ਅਤੇ ਮੋਮਬੱਤੀ

ਕਹਾਣੀ : ਪ੍ਰਿਤਪਾਲ ਸਾਦਿਕ

ਇੱਕ ਛੋਟਾ ਜਿਹਾ ਦੀਵਾ ਹਰ ਰੋਜ਼ ਖਿੜਕੀ ਤੋਂ ਬਾਹਰ ਝਾਕਦਾ ਰਹਿੰਦਾ। ਸਵੇਰੇ ਜਦ ਸੂਰਜ ਚੜਦਾ ਤਾਂ ਚਾਰੇ ਪਾਸੇ ਪ੍ਰਕਾਸ਼ ਫੈਲ ਜਾਂਦਾ। ਚਹਿਕਦੇ ਹੋਏ ਪੰਛੀ ਸੂਰਜ ਦਾ ਸਵਾਗਤ ਕਰਦੇ, ਕੁਦਰਤ ਝੂੰਮ ਉਠਦੀ। ਉਹ ਹਰ ਰੋਜ਼ ਸੂਰਜ ਵੱਲ ਵੇਖ ਕੇ ਨਿਰਾਸ ਹੋ ਜਾਂਦਾ ਅਤੇ ਸੋਚਦਾ – ਮੇਰਾ ਕਦ ਕਿੰਨਾ ਛੋਟਾ ਹੈ। ਮੈਂ ਸੂਰਜ ਵਾਂਗ ਸਭ ਨੂੰ ਪ੍ਰਕਾਸ਼ ਅਤੇ ਊਰਜਾ ਨਹੀਂ ਦੇ ਸਕਦਾ। ਸੂਰਜ ਦੇ ਅੱਗੇ ਮੇਰੀ ਕੋਈ ਹੋਂਦ ਨਹੀਂ ਹੈ। ਕੀ ਮੈਨੂੰ ਇਸੇ ਤਰ੍ਹਾਂ ਦਾ ਹੀ ਜੀਵਨ ਗੁਜਾਰਨਾ ਪਏਗਾ? ਉਹ ਦਿਨ ਕਦੋਂ ਆਵੇਗਾ ਜਦੋਂ ਮੈਂ ਸੂਰਜ ਦੀ ਤਰ੍ਹਾਂ ਜਗਮਗਾਊਂਗਾ ਅਤੇ ਸਾਰੇ ਮੇਰਾ ਵੀ ਸੁਆਗਤ ਕਰਨਗੇ। ਉਸ ਨੂੰ ਰੋਜ਼ ਨਿਰਾਸ ਹੁੰਦਾ ਵੇਖ ਮੋਮਬੱਤੀ ਨੇ ਉਸ ਦਾ ਕਾਰਣ ਪੁੱਛਿਆ। ਛੋਟੇ ਜਿਹੇ ਦੀਵੇ ਨੇ ਕਿਹਾ, ''ਸੂਰਜ ਸਾਰੇ ਜਗ ਨੂੰ ਭਰਪੂਰ ਪ੍ਰਕਾਸ਼ ਅਤੇ ਊਰਜਾ ਦਿੰਦਾ ਹੈ। ਹਰ ਰੋਜ਼ ਪ੍ਰਿਥਵੀ ਦੇ ਕੋਨੇ-ਕੋਨੇ ਤੋਂ ਹਨ੍ਹੇਰਾ ਮਿਟਾ ਦਿੰਦਾ ਹੈ ਅਤੇ ਮੈਂ ਕਿੰਨਾ ਛੋਟਾ ਹਾਂ। ਮੈਂ ਸੂਰਜ ਵਰਗਾ ਕੰਮ ਕਿਵੇਂ ਕਰ ਸਕਾਂਗਾ? ਮੈਂ ਕਿੰਨੀ ਵੀ ਕੋਸ਼ਿਸ਼ ਕਰਦਾ ਰਹਾਂਗਾ ਤਾਂ ਵੀ ਸੂਰਜ ਦੀ ਤਰ੍ਹਾਂ ਸਾਰਿਆਂ ਨੂੰ ਪ੍ਰਕਾਸ਼ ਅਤੇ ਊਰਜਾ ਨਹੀਂ ਦੇ ਸਕਾਂਗਾ। ਸ਼ਾਮ ਦੇ ਵਕਤ ਹਨ੍ਹੇਰਾ ਆਪਣਾ ਪ੍ਰਭਾਵ ਵਿਖਾਉਂਦਾ ਹੈ ਤਾਂ ਮੇਰੀ ਚਿੰਤਾ ਵੱਧ ਜਾਂਦੀ ਹੈ।''

ਮੋਮਬੱਤੀ ਨੇ ਉਸ ਨੂੰ ਸਮਝਾਉਂਦੇ ਹੋਏ ਕਿਹਾ, ''ਛੋਟੇ ਦੀਵੇ, ਤੂੰ ਬੇਕਾਰ ਹੀ ਚਿੰਤਾ ਕਰ ਰਿਹਾ ਹੈ। ਪ੍ਰਕਾਸ਼ ਅਤੇ ਹਨ੍ਹੇਰਾ, ਸੁੱਖ ਅਤੇ ਦੁੱਖ ਕੁਦਰਤ ਦੇ ਨਿਯਮ ਹਨ। ਅਸੀਂ ਇਹਨਾਂ ਨਿਯਮਾਂ ਨੂੰ ਬਦਲ ਤਾਂ ਨਹੀਂ ਸਕਦੇ। ਦਿਨ ਦੇ ਪ੍ਰਕਾਸ਼ ਦੇ ਬਾਦ ਹਨ੍ਹੇਰੇ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਤੂੰ ਭਲੇ ਹੀ ਸੂਰਜ ਵਾਂਗ ਜਗਮਗਾ ਕੇ ਪ੍ਰਿਥਵੀ ਦੇ ਕੋਨੇ-ਕੋਨੇ ਵਿੱਚ ਪ੍ਰਕਾਸ਼ ਨਾ ਫੈਲਾ ਸਕੇ ਪਰ ਉਜਾਲਾ ਕਰਕੇ ਕਿਸੇ ਦੀ ਮਦਦ ਤਾਂ ਕਰ ਸਕਦਾ ਹੈ। ਹਨ੍ਹੇਰੇ ਵਿੱਚ ਕਿਸੇ ਰਾਹ ਤੋਂ ਭਟਕੇ ਹੋਏ ਦਾ ਮਾਰਗਦਰਸ਼ਨ ਤਾਂ ਕਰ ਸਕਦਾ ਹੈ।''

ਛੋਟੇ ਦੀਵੇ ਨੇ ਫਿਰ ਨਿਰਾਸ ਸੁਰ ਵਿੱਚ ਕਿਹਾ, ''ਮੈਂ ਯਤਨ ਤਾਂ ਬਹੁਤ ਕਰਦਾ ਹਾਂ। ਪਰ ਮੇਰੀ ਕੋਸ਼ਿਸ਼ ਨਾਕਾਮ ਹੋ ਜਾਂਦੀ ਹੈ। ਮੈਂ ਸਿਰਫ ਇਸ ਵਿਹੜੇ ਨੂੰ ਹੀ ਪ੍ਰਕਾਸ਼ਿਤ ਕਰ ਸਕਦਾ ਹਾਂ। ਸੂਰਜ ਦੀ ਤਰ੍ਹਾਂ ਸਾਰੇ ਜਗ ਨੂੰ ਨਹੀਂ। ਕੀ ਮੇਰਾ ਜੀਵਨ ਇੰਞ ਹੀ ਖਤਮ ਹੋ ਜਾਏਗਾ? ਕੀ ਮੈਂ ਕਦੇ ਵੀ ਸੂਰਜ ਦੀ ਤਰ੍ਹਾਂ ਮਹਾਨ ਨਹੀਂ ਬਣ ਸਕਾਂਗਾ?''

ਮੋਮਬੱਤੀ ਨੇ ਕਿਹਾ, ''ਤੂੰ ਭਲੇ ਹੀ ਸੂਰਜ ਨਾ ਬਣ ਸਕੇ, ਪਰ ਸੂਰਜ ਦਾ ਪ੍ਰਤੀਕ ਤਾਂ ਬਣ ਸਕਦਾ ਹੈ। ਭਲੇ ਹੀ ਤੂੰ ਸੂਰਜ ਵਾਂਗ ਊਰਜਾ ਨਹੀਂ ਦੇ ਸਕਦਾ, ਪਰ ਹਨ੍ਹੇਰੇ ਨਾਲ ਲੜਨ ਦੀ ਉਮੀਦ ਤਾਂ ਦੇ ਸਕਦਾ ਹੈ। ਤੂੰ ਚਾਹੇ ਸੂਰਜ ਦੀ ਤਰ੍ਹਾਂ ਭਰਪੂਰ ਪ੍ਰਕਾਸ਼ ਨਾ ਦੇ ਸਕੇ,

ਪਰ ਉਜਾਲਾ ਕਰਕੇ ਕਿਸੇ ਦਾ ਵਿਹੜਾ ਤਾਂ ਰੋਸ਼ਨ ਕਰ ਸਕਦਾ ਹੈ।''

ਛੋਟਾ ਦੀਵਾ ਮੋਮਬੱਤੀ ਦੀ ਗੱਲ ਤਾਂ ਸੁਣ ਰਿਹਾ ਸੀ ਪਰ ਅੰਦਰ ਹੀ ਅੰਦਰ ਖੁਦ ਨੂੰ ਤੁੱਛ ਸਮਝ ਕੇ ਦੁਖੀ ਹੋ ਰਿਹਾ ਸੀ। ਮੋਮਬੱਤੀ ਨੇ ਫਿਰ ਤੋਂ ਉਸ ਨੂੰ ਹੌਸਲਾ ਦਿੰਦੇ ਹੋਏ ਕਿਹਾ, ''ਅਸੀਂ ਚਾਹੇ ਕੋਈ ਵੱਡਾ ਕੰਮ ਨਾ ਕਰ ਸਕੀਏ। ਪਰ ਕੋਈ ਛੋਟਾ ਕੰਮ ਜ਼ਰੂਰ ਕਰ ਸਕਦੇ ਹਾਂ। ਈਸ਼ਵਰ ਨੇ ਸਾਰਿਆਂ ਨੂੰ ਕੋਈ ਨਾ ਕੋਈ ਕੰਮ ਸੌਂਪਿਆ ਹੋਇਆ ਹੈ। ਅਸੀਂ ਭਲੇ ਹੀ ਸੂਰਜ ਦੀ ਤਰ੍ਹਾਂ ਪ੍ਰਿਥਵੀ ਨੂੰ ਪ੍ਰਕਾਸ਼ ਨਾ ਦੇ ਸਕੀਏ ਪਰ ਕਿਸੇ ਇੱਕ ਘਰ ਵਿਚੋਂ ਹਨ੍ਹੇਰਾ ਦੂਰ ਭਜਾ ਤਾਂ ਸਕਦੇ ਹਾਂ। ਸੂਰਜ ਦੀ ਗੈਰਹਾਜ਼ਰੀ ਵਿੱਚ ਅਸੀਂ ਰਾਹ ਦੱਸ ਕੇ ਕਿਸੇ ਦੀ ਮਦਦ ਤਾਂ ਕਰ ਸਕਦੇ ਹਾਂ।''

ਮੋਮਬੱਤੀ ਦੀ ਗੱਲ ਸੁਣ ਕੇ ਛੋਟੇ ਦੀਵੇ ਦੀ ਚਿੰਤਾ ਕੁੱਝ ਘੱਟ ਹੋਈ। ਕੁੱਝ ਦਿਨ ਬਾਦ ਦੀਵਾਲੀ ਦਾ ਤਿਉਹਾਰ ਆਇਆ। ਹਨ੍ਹੇਰੇ ਨਾਲ ਭਰੀ ਮੱਸਿਆ ਦੀ ਰਾਤ। ਲੇਕਿਨ ਅੱਜ ਸਾਰਿਆਂ ਨੂੰ ਦਿਨ ਦੇ ਸੂਰਜ ਤੋਂ ਜ਼ਿਆਦਾ ਰਾਤ ਦੇ ਦੀਵਿਆਂ ਦੀ ਉਡੀਕ ਸੀ।

ਘਰ-ਘਰ ਦੀਵੇ ਅਤੇ ਰੰਗ-ਬਿਰੰਗੀਆਂ ਮੋਮਬੱਤੀਆਂ ਜਗ ਰਹੀਆਂ ਸਨ। ਇਹ ਦੀਵੇ ਹਨ੍ਹੇਰੇ ਨਾਲ ਲੜਨ ਦੀ ਸ਼ਕਤੀ ਦੇ ਰਹੇ ਸਨ। ਸਾਰਿਆਂ ਲਈ ਉਹ ਖੁਸ਼ੀ ਅਤੇ ਊਰਜਾ ਦਾ ਸਰੋਤ ਸਨ। ਅੱਜ ਸਾਰੇ ਖੁਸ਼ ਸਨ। ਸਾਰੇ ਚਾਰੇ ਪਾਸੇ ਜਗਮਗਾਉਂਦੇ ਹੋਏ ਦੀਵੇ ਵੇਖ ਕੇ ਆਨੰਦਿਤ ਅਤੇ ਊਰਜਾਵੰਤ ਹੋ ਰਹੇ ਸਨ। ਲੋਕ ਛੋਟੇ-ਛੋਟੇ ਦੀਵੇ ਜਗਾ ਕੇ ਹਨ੍ਹੇਰੇ ਨੂੰ ਦੂਰ ਭਜਾਉਣ ਦੀ ਕੋਸ਼ਿਸ਼ ਕਰ ਰਹੇ ਸਨ।

ਛੋਟਾ ਦੀਵਾ ਅੱਜ ਖੁਸ਼ ਸੀ। ਹੋਰ ਦੀਵਿਆਂ ਦੇ ਨਾਲ ਉਹ ਵੀ ਇਕ ਘਰ ਦੇ ਵਿਹੜੇ ਵਿੱਚ ਜਗਮਗਾ ਰਿਹਾ ਸੀ। ਚਾਰੇ ਪਾਸੇ ਜਗ ਰਹੇ ਦੀਵੇ ਜਿਵੇਂ ਕਹਿ ਰਹੇ ਸਨ- ''ਹਨ੍ਹੇਰਾ ਚਾਹੇ ਕਿੰਨਾ ਵੀ ਗਹਿਰਾ ਹੋਵੇ, ਪ੍ਰਕਾਸ਼ ਦਾ ਇਕ ਛੋਟਾ ਜਿਹਾ ਸਰੋਤ ਵੀ ਉਸ ਨਾਲ ਲੜਨ ਦੀ ਸਮਰੱਥਾ ਰੱਖਦਾ ਹੈ।''

ਛੋਟੇ ਦੀਵੇ ਨੂੰ ਮੁਸਕਰਾਉਂਦੇ ਵੇਖ ਮੋਮਬੱਤੀ ਨੇ ਕਿਹਾ, ''ਵੇਖਿਆ! ਮੈਂ ਕਿਹਾ ਸੀ ਨਾ ਕਿ ਈਸ਼ਵਰ ਨੇ ਭਲੇ ਹੀ ਤੈਨੂੰ ਛੋਟਾ ਕੱਦ ਦਿੱਤਾ ਹੋਵੇ, ਪਰ ਤੂੰ ਵੱਡਾ ਕੰਮ ਕਰ ਸਕਦਾ ਹੈ। ਭਲੇ ਹੀ ਈਸ਼ਵਰ ਨੇ



ਤੈਨੂੰ ਸੂਰਜ ਵਾਂਗ ਭਰਪੂਰ ਮਾਤਰਾ ਵਿੱਚ ਪ੍ਰਕਾਸ਼ ਨਹੀਂ ਦਿੱਤਾ, ਪਰ ਹਨ੍ਹੇਰੇ ਨਾਲ ਲੜਨ ਦੀ ਸ਼ਕਤੀ ਦਿੱਤੀ ਹੈ। ਤੂੰ ਸਾਰਿਆਂ ਨੂੰ ਨਵੀਆਂ ਉਮੀਦਾਂ ਦਿੱਤੀਆਂ ਹਨ। ਇਹਨਾਂ ਉਮੀਦਾਂ ਦੇ ਸਹਾਰੇ ਸਾਰੇ ਪੂਰਾ ਸਾਲ ਊਰਜਿਤ ਰਹਿਣਗੇ ਅਤੇ ਹਰ ਸਾਲ ਇਸੇ ਤਰ੍ਹਾਂ ਤੇਰੇ ਤੋਂ ਸਫਲਤਾ ਅਤੇ ਖੁਸ਼ੀਆਂ ਦੀ ਉਮੀਦ ਬਣਾਈ ਰੱਖਣਗੇ।''

ਕਾਫੀ ਸਮੇਂ ਤੋਂ ਮੋਮਬੱਤੀਆਂ ਨਾਲ ਘਿਰੇ ਨਿਰਾਸ, ਉਦਾਸ ਚਿਹਰੇ ਅੱਜ ਖੁਸ਼ੀ ਨਾਲ ਚਮਕ ਰਹੇ ਸਨ। ਛੋਟੇ ਦੀਵੇ ਨੂੰ ਹੁਣ ਖੁਦ ਦਾ ਮਹੱਤਵ ਸਮਝ ਆ ਚੁੱਕਾ ਸੀ। ਉਹ ਭਲੇ ਹੀ ਛੋਟਾ ਪਰ 'ਉਮੀਦ ਦਾ ਦੀਵਾ' ਸੀ। ਉਹ ਉਮੀਦ ਜੋ ਸਾਰਿਆਂ ਨੂੰ ਦੁੱਖ, ਅਸਫਲਤਾ ਅਤੇ ਨਿਰਾਸਾ ਦੇ ਹਨ੍ਹੇਰੇ ਨਾਲ ਲੜ੍ਹਨ ਦੀ ਤਾਕਤ ਦਿੰਦੀ ਹੈ।

ਉਸ ਨੂੰ ਹੁਣ ਇਹ ਗੱਲ ਸਮਝ ਵਿੱਚ ਆ ਚੁੱਕੀ ਸੀ ਕਿ 'ਈਸ਼ਵਰ ਨੇ ਸਾਰਿਆਂ ਨੂੰ ਕੋਈ ਨਾ ਕੋਈ ਨਿਸ਼ਚਿਤ ਕੰਮ ਸੌਂਪਿਆ ਹੋਇਆ ਹੈ। ਬਸ, ਅਸੀਂ ਆਪਣਾ ਕੰਮ ਪੂਰੀ ਭਾਵਨਾ ਅਤੇ ਇਮਾਨਦਾਰੀ ਨਾਲ ਕਰਨਾ ਹੈ। ਦੂਸਰਿਆਂ ਦੀ ਸਮਰੱਥਾ ਅਤੇ ਸਫਲਤਾ ਨੂੰ ਵੇਖ ਕੇ ਸਾਨੂੰ ਆਪਣੇ ਆਪ ਨੂੰ ਨੀਵਾਂ ਜਾਂ ਕਮਜ਼ੋਰ ਨਹੀਂ ਸਮਝਣਾ ਚਾਹੀਦਾ। ਕੋਈ ਆਮ ਵਿਅਕਤੀ ਵੀ ਉਤਮ ਕੰਮ ਕਰ ਸਕਦਾ ਹੈ। ਸਾਰਿਆਂ ਦੀ ਆਪਣੀ-ਆਪਣੀ ਜਗ੍ਹਾ ਹੁੰਦੀ ਹੈ। ਸਾਨੂੰ ਈਸ਼ਵਰ ਰਾਹੀਂ ਦਿੱਤੇ ਕੰਮ ਨੂੰ ਪੂਰੀ ਲਗਨ ਨਾਲ ਸਵੀਕਾਰ ਕਰਕੇ ਉਸ ਨੂੰ ਉੱਤਮ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਛੋਟੇ ਜਿਹੇ ਦੀਵੇ ਵਿੱਚ ਪਰਿਵਰਤਨ ਆਇਆ ਵੇਖ ਮੋਮਬੱਤੀ ਖੁਸ਼ ਹੋ ਗਈ। ਫਿਰ ਦੋਵੇਂ ਜਗਮਗਾਉਂਦੇ ਹੋਏ ਹਨ੍ਹੇਰੇ ਵਿੱਚ ਊਰਜਾ ਅਤੇ ਆਸ਼ਾ ਦੀ ਕਿਰਣ ਫੈਲਾਉਂਦੇ ਰਹੇ।

ਲੇਖ : ਵਿਦਿਆ ਪ੍ਰਕਾਸ਼




# ਕੀ ਹੁੰਦਾ ਹੈ 'ਸਪੇਸ ਸੂਟ'?

ਪੁਲਾੜ ਯਾਤਰਾ ਤੇ ਜਾਣ ਵਾਲੇ ਯਾਤਰੀਆਂ ਦੀ ਸੁਰੱਖਿਆ ਦੀ ਦ੍ਰਿਸ਼ਟੀ ਨਾਲ 'ਸਪੇਸ ਸੂਟ' ਸੁਰੱਖਿਆ ਕਵੱਚ ਦੀ ਤਰ੍ਹਾਂ ਉਪਯੋਗੀ ਹੈ ਅਤੇ ਇਹ ਉਹਨਾਂ ਲਈ ਅਨੇਕ ਤਰ੍ਹਾਂ ਨਾਲ ਲਾਭਕਾਰੀ ਹੈ। ਸਪੇਸ ਸੂਟ ਦੀ ਉਪਯੋਗਿਤਾ ਅਤੇ ਲੋੜ ਨੂੰ ਸਮਝਣ ਤੋਂ ਪਹਿਲਾਂ ਪ੍ਰਿਥਵੀ ਮੰਡਲ ਦੇ ਵਾਤਾਵਰਣ ਦੇ ਸੰਬੰਧ ਵਿੱਚ ਜਾਣਨਾ ਜ਼ਰੂਰੀ ਹੈ।

ਪ੍ਰਿਥਵੀ ਦੇ ਉਪਰ ਦੇ ਵਾਤਾਵਰਣ ਵਿੱਚ ਇਸ ਦੇ ਹਰੇਕ ਵਰਗਮੀਟਰ ਤੇ ਇੱਕ ਵੱਡੀ ਗੱਡੀ ਦੇ ਬਰਾਬਰ ਦਬਾਅ ਪੈਂਦਾ ਹੈ। ਸਾਨੂੰ ਇਸ ਦਾ ਅਨੁਭਵ ਇਸ ਲਈ ਨਹੀ ਹੁੰਦਾ ਕਿਉਂਕਿ ਸਾਡੇ ਸਰੀਰ ਦੇ ਅੰਦਰ ਅਤੇ ਬਾਹਰ ਇਹ ਦਬਾਅ ਇਕੋ ਜਿਹਾ ਹੁੰਦਾ ਹੈ। ਸਰੀਰ ਦੇ ਅੰਦਰ ਅਤੇ ਬਾਹਰ ਦੇ ਤਾਪਮਾਨ ਅਤੇ ਦਬਾਅ ਵਿੱਚ ਭਿੰਨਤਾ ਹੋਣ ਤੇ ਕੀ ਸਥਿਤੀ ਪੈਦਾ ਹੋਵੇਗੀ, ਇਸ ਦਾ ਅੰਦਾਜ਼ਾ ਇੱਕ ਉਦਾਹਰਣ ਤੋਂ ਲਗਾਇਆ ਜਾ ਸਕਦਾ ਹੈ। ਜੇਕਰ ਧਾਤੂ ਦੇ ਇੱਕ ਬਰਤਨ ਦੀ ਅੰਦਰੂਨੀ ਹਵਾ ਨੂੰ ਇਸ ਦੇ ਅੰਦਰ ਖੌਲਦੇ ਪਾਣੀ ਰਾਹੀਂ ਜਾਂ ਕਿਸੇ ਹੋਰ ਮਾਧਿਅਮ ਨਾਲ ਬਾਹਰ ਕੱਢ ਦਿੱਤਾ ਜਾਏ ਤਾਂ ਬਰਤਨ ਵਾਯੂਮੰਡਲੀ ਦਬਾਅ ਦੇ ਕਾਰਣ ਪਿਚਕ ਜਾਏਗਾ। ਇਸੇ ਤਰ੍ਹਾਂ ਪੁਲਾੜ ਵਿੱਚ ਗਿਆ ਇੱਕ ਇਮਯੂਨਾਈਜ਼ਡ ਪੁਲਾੜ ਯਾਤਰੀ ਨਾ ਕੇਵਲ ਫੁੱਲ ਕੇ ਮਰ ਜਾਏਗਾ ਬਲਕਿ ਉਸ ਦਾ ਖ਼ੂਨ ਵੀ ਗਰਮ ਪਾਣੀ ਦੀ ਤਰ੍ਹਾਂ ਉਬਲਣ ਲਗੇਗਾ। ਤਰਲ ਪਦਾਰਥ ਕਿਸ ਤਾਪਮਾਨ ਤੇ ਉਬਲਦਾ ਹੈ, ਉਹ ਬਾਹਰੀ ਵਾਤਾਵਰਣ ਦਬਾਅ ਤੇ ਨਿਰਭਰ ਕਰਦਾ ਹੈ।

9 ਕਿਲੋਮੀਟਰ ਦੀ ਉਚਾਈ ਤੇ ਪਾਣੀ 74 ਡਿਗਰੀ ਸੈਂਟੀਗ੍ਰੇਡ ਦੇ ਤਾਪਮਾਨ ਤੇ ਉਬਲਣ ਲੱਗਦਾ ਹੈ। 9 ਕਿਲੋਮੀਟਰ ਤੋਂ ਜ਼ਿਆਦਾ ਉਚਾਈ ਤੇ ਖ਼ੂਨ ਸਰੀਰ ਤੋਂ ਘੱਟ ਤਾਪਮਾਨ ਤੇ ਉਬਲਣ ਲੱਗਦਾ ਹੈ। ਜ਼ੀਰੋ ਦਬਾਅ ਤੇ ਪੁਲਾੜ ਯਾਤਰੀ ਦਾ ਖ਼ੂਨ ਇੱਕਦਮ ਜਾਨਲੇਵਾ ਫੋਮ (ਝਾਗ) ਵਿੱਚ ਤਬਦੀਲ ਹੋ ਜਾਏਗਾ।

ਇਸ ਭੁਗੋਲਿਕ ਅਤੇ ਵਾਤਾਵਰਣੀ ਤੱਥ ਨੂੰ ਦ੍ਰਿਸ਼ਟੀ ਵਿੱਚ ਰੱਖ ਕੇ ਪੁਲਾੜ ਯਾਤਰੀਆਂ ਦੇ ਸੂਟ ਇਸ ਤਰ੍ਹਾਂ ਡਿਜਾਇਨ ਕੀਤੇ ਜਾਂਦੇ ਹਨ ਤਾਂਕਿ ਉਹਨਾਂ ਨੂੰ ਪੁਲਾੜ ਯਾਤਰਾਵਾਂ ਦੇ ਦੌਰਾਨ

ਪੁਲਾੜ ਵਿੱਚ ਬਿਰਾਜਮਾਨ ਵਿਭਿੰਨ ਪ੍ਰਕਾਰ ਦੇ ਖਤਰਿਆਂ ਤੋਂ ਬਚਾਇਆ ਜਾ ਸਕੇ। ਪੁਲਾੜ ਜਗਤ ਦੇ ਇਹਨਾਂ ਖਤਰਿਆਂ ਤੋਂ ਬਚਿਆ ਜਾ ਸਕੇ। ਪੁਲਾੜ ਜਗਤ ਦੇ ਇਹਨਾਂ ਖਤਰਿਆਂ ਵਿੱਚ ਜ਼ਿਆਦਾ ਤਾਪਮਾਨ, ਖਤਰਨਾਕ ਤੀਬਰਗਤੀ ਨਾਲ ਘੁੰਮਦੀਆਂ ਹੋਈਆਂ ਵਸਤੂਆਂ ਅਤੇ ਜ਼ੀਰੋ (ਵੈਕਿਊਮ) ਆਦਿ ਸ਼ਾਮਿਲ ਹਨ।

ਸਪੇਸ ਸੂਟ ਜਿਸ ਨੂੰ 'ਮੇਂਸਮੇਨੂਵਰਿੰਗ ਯੂਨਿਟ' (ਐਮ.ਐਮ.ਯੂ) ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਪਾ ਕੇ ਲੋਕ ਪੁਲਾੜ ਵਿੱਚ ਜਾਂਦੇ ਹਨ। ਇਸ ਸੂਟ ਦਾ ਕਪੜਾ ਪਰਤਦਾਰ ਬਣਿਆ ਹੁੰਦਾ ਹੈ। ਇਸ ਵਿੱਚ ਹਰ ਪਰਤ ਦਾ ਆਪਣਾ ਇੱਕ ਮੰਤਵ ਹੁੰਦਾ ਹੈ। ਅੰਦਰੂਨੀ ਪਰਤਾਂ ਵਿਚੋਂ ਇੱਕ ਤਾਪਮਾਨ ਨੂੰ ਨਿਯੰਤਰਿਤ ਕਰਦਾ ਹੈ। ਇਸ ਨੂੰ ਪਾ ਕੇ ਪੁਲਾੜ ਯਾਤਰੀ ਪੁਲਾੜ ਰਾਕਿਟ ਨੂੰ ਛੱਡ ਸਕਦੇ ਹਨ ਅਤੇ ਅਜ਼ਾਦ ਰੂਪ ਨਾਲ ਪੁਲਾੜ ਲੋਕ ਵਿੱਚ ਉਡ ਸਕਦੇ ਹਨ। ਇਸ ਵਿੱਚ ਆਕਸੀਜਨ ਗੈਸ ਲਈ ਵੀ ਲੋੜੀਂਦੀ ਵਿਵਸਥਾ ਹੁੰਦੀ ਹੈ।

ਹਰੇਕ ਸੂਟ ਵਿੱਚ ਇੱਕ ਆਧਾਰਭੂਤ ਲਾਈਫ ਸਪੋਰਟ ਪ੍ਰਣਾਲੀ ਹੁੰਦੀ ਹੈ। ਇਸ ਵਿੱਚ ਲੋੜ ਅਨੁਸਾਰ ਕਾਫੀ ਮਾਤਰਾ ਵਿੱਚ ਪਾਣੀ ਅਤੇ ਆਕਸੀਜਨ ਰੱਖੀ ਜਾ ਸਕਦੀ ਹੈ। ਇਹਨਾਂ ਦੀ ਸਹਾਇਤਾ ਨਾਲ ਪੁਲਾੜ ਯਾਤਰੀ ਕਈ ਘੰਟਿਆਂ ਤਕ ਪੁਲਾੜ ਜਗਤ ਵਿੱਚ ਚਹਿਲਕਦਮੀ ਕਰ ਸਕਦੇ ਹਨ। ਸਪੇਸ ਸੂਟ ਵਿੱਚ ਲੀਕਵਿਡ ਕੂਲਿੰਗ ਅਤੇ ਵੈਂਟੀਲੇਸ਼ਨ ਪ੍ਰਣਾਲੀ ਹੁੰਦੀ ਹੈ।

ਦਰਅਸਲ ਹਰੇਕ ਸਪੇਸ ਸੂਟ ਬਹੁਤ ਸਾਰੇ ਵੱਖ-ਵੱਖ ਟੁਕੜਿਆਂ ਨੂੰ ਮਿਲ ਕੇ ਬਣਿਆ ਹੁੰਦਾ ਹੈ। ਹਰੇਕ ਟੁਕੜੇ ਨੂੰ ਨਿਸ਼ਚਿਤ ਆਕਾਰ ਦੇ ਹਿਸਾਬ ਨਾਲ ਬਣਾਇਆ ਅਤੇ ਤਿਆਰ ਕੀਤਾ ਜਾਂਦਾ ਹੈ। ਪੁਲਾੜ ਖਤਰਿਆਂ ਭਰੀ ਯਾਤਰਾ ਵਿੱਚ ਜਾਣ ਵਾਲੇ ਵਿਅਕਤੀ ਨੂੰ ਇਹਨਾਂ ਟੁਕੜਿਆਂ ਨਾਲ ਤਿਆਰ ਅਜਿਹਾ ਸੂਟ ਦਿਤਾ ਜਾਂਦਾ ਹੈ ਜਿਸ ਵਿੱਚ ਉਹ ਫਿਟ ਹੋ ਸਕੇ ਅਤੇ ਆਪਣੀ ਯਾਤਰਾ ਸੁਰੱਖਿਅਤ ਕਰ ਸਕੇ।



ਪ੍ਰੇਰਕ-ਪ੍ਰਸੰਗ : ਰਾਧਾ ਨਾਚੀਜ਼

# ਸਭ ਤੋਂ ਮਹਾਨ ਕੌਣ?

ਇਕ ਵਾਰ ਨਾਰਦ ਦੇ ਮਨ ਵਿੱਚ ਇਹ ਜਾਨਣ ਦੀ ਇੱਛਾ ਹੋਈ ਕਿ ਸਭ ਤੋਂ ਮਹਾਨ ਕੌਣ ਹੈ? ਇਸ ਲਈ ਉਹ ਬ੍ਰਹਮਾ ਜੀ ਦੇ ਕੋਲ ਗਏ ਅਤੇ ਉਹਨਾਂ ਨੇ ਬ੍ਰਹਮਾ ਜੀ ਨੂੰ ਇਹੀ ਪ੍ਰਸ਼ਨ ਕੀਤਾ।

ਬ੍ਰਹਮਾ ਜੀ ਨੇ ਮੁਸਕਰਾਂਦੇ ਹੋਏ ਉੱਤਰ ਦਿੱਤਾ - ਨਾਰਦ! ਸਭ ਤੋਂ ਵੱਡੀ ਤਾਂ ਇਹ ਪ੍ਰਿਥਵੀ ਦਿਸਦੀ ਹੈ ਇਸ ਲਈ ਅਸੀਂ ਪ੍ਰਿਥਵੀ ਨੂੰ ਸਭ ਤੋਂ ਵੱਡੀ ਕਹਿ ਸਕਦੇ ਹਾਂ, ਮਗਰ ਸਮੁੰਦਰ ਨੇ ਉਸ ਨੂੰ ਘੇਰ ਰੱਖਿਆ ਹੈ। ਇਸ ਕਾਰਣ ਸਮੁੰਦਰ ਉਸ ਤੋਂ ਵੀ ਵੱਡਾ ਰਿਹਾ। ਪ੍ਰੰਤੂ ਇਸ ਸਮੁੰਦਰ ਨੂੰ ਵੀ ਅਗਸਤਯ ਮੁਨੀ ਨੇ ਪੀ ਲਿਆ ਸੀ, ਇਸ ਕਾਰਣ ਸਮੁੰਦਰ ਕਿਵੇਂ ਵੱਡਾ ਹੋ ਸਕਦਾ ਹੈ? ਤਦ ਤਾਂ ਅਗਸਤਯ ਮੁਨੀ ਸਭ ਤੋਂ ਵੱਡੇ ਹੋਏ। ਮਗਰ ਉਹਨਾਂ ਦਾ ਵੀ ਵਾਸ ਕਿਥੇ ਹੈ? ਅਨੰਤ ਆਕਾਸ਼ ਵਿੱਚ ਮਾਤਰ ਇਕ ਜੁਗਨੂੰ ਦੀ ਤਰ੍ਹਾਂ ਚਮਕ ਰਹੇ ਹਨ ਇਸ ਲਈ ਆਕਾਸ਼ ਉਹਨਾਂ ਤੋਂ ਵੀ ਵੱਡਾ ਹੋਇਆ। ਲੇਕਿਨ ਵਾਮਨਾਵਤਾਰ ਵਿੱਚ ਭਗਵਾਨ ਵਿਸ਼ਨੂੰ ਨੇ ਇਸ ਆਕਾਸ਼ ਨੂੰ ਵੀ ਇਕ ਹੀ ਪੈਰ ਨਾਲ ਨਾਪ ਲਿਆ ਸੀ, ਇਸ ਕਾਰਣ ਵਿਸ਼ਨੂੰ ਹੀ ਸਭ ਤੋਂ ਮਹਾਨ ਸਿੱਧ ਹੁੰਦੇ ਹਨ। ਫਿਰ ਵੀ ਨਾਰਦ ਵਿਸ਼ਨੂੰ ਵੀ ਸਭ ਤੋਂ ਮਹਾਨ ਨਹੀਂ ਹਨ ਕਿਉਂਕਿ ਉਹ ਤੁਹਾਡੇ ਵਰਗੇ ਭਗਤ ਦੇ ਹਿਰਦੇ ਵਿੱਚ ਸਦਾ ਬਿਰਾਜਮਾਨ ਵੇਖੇ ਜਾਂਦੇ ਹਨ। ਇਸ ਲਈ ਜਿਨ੍ਹਾਂ ਦੇ ਹਿਰਦੇ ਵਿੱਚ ਭਗਵਾਨ ਵਾਸ ਕਰਦੇ ਹਨ, ਸਭ ਤੋਂ ਮਹਾਨ ਤਾਂ ਭਗਤ ਹੀ ਹਨ।



ਬਾਲਕਥਾ : ਕਮਲ ਸੋਗਾਨੀ

# ਸਮਝਦਾਰੀ ਨਾਲ ਮਿਲਦੀ ਹੈ ਸਫਲਤਾ

ਚੰਦੂ ਬਾਂਦਰ ਉਛਲਦਾ-ਕੁੱਦਦਾ ਮੋਲੂ ਗਧੇ ਦੇ ਖੇਤ ਵਿੱਚ ਜਾ ਪਹੁੰਚਾ। ਉਥੇ ਉਹ ਇੱਕ ਇਮਲੀ ਦੇ ਰੁੱਖ ਤੇ ਚੜ੍ਹ ਕੇ ਖੇਤ ਦਾ ਨਜ਼ਾਰਾ ਵੇਖਣ ਲੱਗਾ। ਚਾਲੀ-ਚਾਲੀ ਫੁੱਟ ਦੇ ਪੰਜ ਖੱਡੇ ਖੋਦੇ ਹੋਏ ਸਨ ਅਤੇ ਮੋਲੂ ਛੇਵਾਂ ਖੱਡਾ ਖੋਦ ਰਿਹਾ ਸੀ। ਖੱਡਿਆਂ ਨੂੰ ਵੇਖ ਕੇ ਬਾਂਦਰ ਨੇ ਮਨ ਵਿੱਚ ਸੋਚਿਆ - ''ਆਖਿਰ ਇਹ ਮੋਲੂ ਖੇਤ ਵਿੱਚ ਐਨੇ ਖੱਡੇ ਕਿਉਂ ਕਰਵਾ ਰਿਹਾ ਹੈ, ਕੀ ਇਹਨਾਂ ਵਿੱਚ ਕਿਤੇ ਖਜਾਨਾ ਤਾਂ ਨਹੀਂ ਲੁਕਿਆ?'

ਫਿਰ ਉਹ ਰੁੱਖ ਤੋਂ ਹੇਠਾਂ ਉਤਰ ਕੇ ਮੋਲੂ ਦੇ ਕੋਲ ਆਇਆ ਅਤੇ ਬੋਲਿਆ- 'ਕਾਕਾ, ਖੇਤ ਵਿੱਚ ਐਨੇ ਖੱਡਿਆਂ ਦਾ ਆਖਿਰ ਰਾਜ ਕੀ ਹੈ? ਜਰਾ ਮੈਨੂੰ ਵੀ ਤਾਂ ਦੱਸ?


ਮੋਲੂ ਬੋਲਿਆ- ਹਰ ਸਾਲ ਬਰਸਾਤ ਘੱਟ ਹੋਣ ਦੇ ਕਾਰਣ ਫਸਲਾਂ ਨੂੰ ਪਾਣੀ ਨਹੀਂ ਮਿਲਦਾ। ਇਸ ਕਾਰਣ ਮੈਂ ਇਹ ਚਾਰ ਖੂਹ ਖੋਦੇ ਹਨ। ਚਾਰੇ ਦਿਸ਼ਾਵਾਂ ਵਿੱਚ ਜਦ ਉਹਨਾਂ ਵਿਚੋਂ ਪਾਣੀ ਨਹੀਂ ਨਿਕਲਿਆ ਤਾਂ ਮੈਂ ਪੰਜਵਾਂ ਖੱਡਾ ਖੋਦਿਆ, ਲੇਕਿਨ ਜਦ ਉਸ ਵਿੱਚ ਵੀ ਪਾਣੀ ਦੀ ਇੱਕ ਬੂੰਦ ਨਹੀਂ ਨਿਕਲੀ ਤਾਂ ਹੁਣ ਇਹ ਛੇਵਾਂ ਖੂਹ ਖੋਦ ਰਿਹਾ ਹਾਂ, ਸ਼ਾਇਦ ਇਸ ਵਿੱਚ ਪਾਣੀ ਨਿਕਲ ਆਏ?

ਸੁਣ ਕੇ ਬਾਂਦਰ ਨੂੰ ਬੜੀ ਹੈਰਾਨੀ ਹੋਈ। ਮਨ ਵਿੱਚ ਸੋਚਣ ਲੱਗਾ ਕਿ ਕਿੰਨਾ ਅਨਾੜੀ ਹੈ? ਬਿਨਾਂ ਸੋਚੇ-ਸਮਝੇ ਇਸ ਨੇ ਖੇਤ ਵਿੱਚ ਜਗ੍ਹ-ਜਗ੍ਹਾ ਖੱਡੇ ਕਰ ਦਿੱਤੇ। ਪੂਰੇ ਖੇਤ ਦਾ ਸਤਿਆਨਾਸ਼ ਕਰ ਦਿੱਤਾ। ਫਿਰ ਉਸ ਨੇ ਪੁੱਛਿਆ- ''ਕਾਕਾ, ਜਰਾ ਇਹ ਤਾਂ ਦੱਸ ਇਹ ਖੱਡੇ ਕਿੰਨੇ ਡੂੰਘੇ ਹਨ?''

ਮੋਲੂ ਗਧਾ ਬੋਲਿਆ - ''ਇਹ ਚਾਲੀ-ਚਾਲੀ ਫੁੱਟ ਡੂੰਘੇ ਹਨ। ਇਹਨਾਂ ਨੂੰ ਮੈਂ ਪਿਛਲੇ ਸਾਲ ਖੋਦਿਆ ਸੀ ਅਤੇ ਇਕ ਖੱਡੇ ਦੀ ਹਾਲਾਂ ਖੁਦਾਈ ਜਾਰੀ ਹੈ।''

ਹੁਣ ਚੰਦੂ ਬਾਂਦਰ ਨੇ ਖੀਂ-ਖੀਂ ਕਰਕੇ ਹੱਸਦੇ ਹੋਏ ਕਿਹਾ- 'ਕਾਕਾ, ਇਕ ਗੱਲ ਕਹਾਂ ਜੇਕਰ ਬੁਰਾ ਨਾ ਮੰਨੋ ਤਾਂ?''

- ਹਾਂ, ਹਾਂ ਬੋਲੋ, ਕੀ ਗੱਲ ਹੈ?



– ਕਾਕਾ। ਆਪ ਦੁਨੀਆਂ ਦੇ ਸਭ ਤੋਂ ਵੱਡੇ ਮੂਰਖ ਹੋ। ਇਹ ਆਪ ਨੇ ਖੱਡੇ ਖੋਦ ਕੇ ਚੰਗੀ ਤਰ੍ਹਾਂ ਸਾਬਿਤ ਕਰ ਦਿੱਤਾ ਹੈ?

– ਭਲਾ ਮੈਂ ਮੂਰਖ ਕਿਉਂ ਹੋਇਆ? ਮੈਂ ਤਾਂ ਆਪਣੀ ਭੁੱਖ-ਤੇਹ ਇਕ ਕਰਕੇ ਇਹ ਖੱਡੇ ਬੜੀ ਮਿਹਨਤ ਨਾਲ ਖੋਦੇ ਹਨ।

ਹੁਣ ਬਾਂਦਰ ਨੇ ਸੁਝਾਅ ਦਿਤਾ– ਕਾਕਾ, ਤੂੰ ਐਨੇ ਖੱਡਿਆਂ ਦੇ ਬਦਲੇ ਇੱਕ ਹੀ ਖੂਹ ਖੋਦਦਾ ਤਾਂ ਉਸ ਦੀ ਡੂੰਘਾਈ ਘੱਟ ਤੋਂ ਘੱਟ ਨੱਬੇ ਫੁੱਟ ਰੱਖਦਾ ਤਾਂ ਉਸ ਵਿੱਚ ਨਿਸ਼ਚਿਤ ਹੀ ਪਾਣੀ ਨਿਕਲ ਆਉਂਦਾ। ਇਸ ਤਰ੍ਹਾਂ ਤੈਨੂੰ ਹੋਰ ਖੱਡੇ ਖੋਦਣ ਲਈ ਮਿਹਨਤ ਵੀ ਨਹੀਂ ਕਰਨੀ ਪੈਂਦੀ ਅਤੇ ਖੇਤ ਦੀ ਜ਼ਮੀਨ ਵੀ ਬੇਕਾਰ ਨਹੀਂ ਹੁੰਦੀ।

ਪਿਆਰੇ ਬੱਚਿਓ! ਜੀਵਨ ਵਿੱਚ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਉਸ ਦੀ ਸਹੀ ਰੂਪ-ਰੇਖਾ ਬਣਾਉ ਅਤੇ ਇੱਕ ਮੰਤਵ ਲੈ ਕੇ ਚਲੋ। ਇਸ ਨਾਲ ਨਿਸ਼ਚਿਤ ਸਫਲਤਾ ਮਿਲਦੀ ਹੈ। ਬਿਨਾ ਮੰਤਵ ਵਾਲਿਆਂ ਨੂੰ ਕਦੇ ਸਫਲਤਾ ਨਹੀਂ ਮਿਲਦੀ। ਐਨਾ ਕਹਿ ਕੇ ਉਹ ਉਛਲ ਕੇ ਰੁੱਖ ਤੇ ਜਾ ਬੈਠਾ ਅਤੇ ਇਮਲੀਆਂ ਖਾਣ ਲੱਗਾ।

*ਪੇਸ਼ਕਸ਼ : ਵਿਭਾ ਵਰਮਾ*

# ਹੈਰਾਨੀਜਨਕ ਸੱਚਾਈ




- *ਕੋਈ ਵੀ ਕੈਲੰਡਰ ਤੀਹ ਸਾਲ ਬਾਦ ਫਿਰ ਇਸਤੇਮਾਲ ਕਰ ਸਕਦੇ ਹਾਂ।*
- *ਹਮੇਸ਼ਾਂ ਇੱਕ ਅਕਤੂਬਰ ਨੂੰ ਉਹੀ ਦਿਨ ਹੋਵੇਗਾ ਜੋ ਇੱਕ ਜਨਵਰੀ ਨੂੰ।*
- *ਹਮੇਸ਼ਾਂ ਇੱਕ ਅਪ੍ਰੈਲ ਨੂੰ ਜੋ ਦਿਨ ਹੋਵੇਗਾ ਉਹੀ ਦਿਨ ਇੱਕ ਜੁਲਾਈ ਨੂੰ ਹੋਵੇਗਾ।*
- *ਫਰਵਰੀ, ਮਾਰਚ ਅਤੇ ਨਵੰਬਰ ਮਹੀਨੇ ਹਰ ਸਾਲ ਇਕ ਹੀ ਦਿਨ ਤੋਂ ਸ਼ੁਰੂ ਹੁੰਦੇ ਹਨ।*
- *ਅਰਜੇਟੀਨਾ ਦੀ ਰਾਜਧਾਨੀ ਵਿਊਨਸ ਆਯਰਸ ਵਿੱਚ ਜਨਵਰੀ ਮਹੀਨੇ ਵਿੱਚ ਗਰਮੀ ਪੈਂਦੀ ਹੈ।*
- *ਉਤਰੀ ਅਤੇ ਦੱਖਣੀ ਧਰੁਵਾਂ ਤੇ ਲੜੀਵਾਰ : 6 ਮਹੀਨੇ ਦੀ ਰਾਤ ਅਤੇ 6 ਮਹੀਨੇ ਦਾ ਦਿਨ ਹੁੰਦਾ ਹੈ।*
- *ਦੁਨੀਆ ਦੀ ਪਹਿਲੀ ਸਵੇਰ ਅਤੇ ਸ਼ਾਮ ਨਿਊਜ਼ੀਲੈਂਡ ਵਿੱਚ ਹੁੰਦੀ ਹੈ।*
- *ਨਾਰਵੇ ਵਿੱਚ ਜੂਨ ਅਤੇ ਜੁਲਾਈ ਭਰ ਸੂਰਜ ਡੁਬਦਾ ਨਹੀਂ ਹੈ।*
- *ਸਾਲ ਦਾ ਸਭ ਤੋਂ ਛੋਟਾ ਦਿਨ 22 ਦਸੰਬਰ ਅਤੇ ਸਭ ਤੋਂ ਵੱਡਾ ਦਿਨ 21 ਜੂਨ ਹੈ।*

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਜੇਕਰ ਪਾਣੀ ਵਿੱਚ ਪਹਿਲਾਂ ਬਰਫ ਪਾ ਕੇ ਖੰਡ ਘੋਲੋ ਤਾਂ ਖੰਡ ਦੇਰ ਨਾਲ ਕਿਉਂ ਘੁਲਦੀ ਹੈ?

**ਉੱਤਰ :** ਦਰਅਸਲ, ਕਿਸੇ ਵੀ ਠੋਸ ਦੀ ਘੁਲਣਸ਼ੀਲਤਾ ਤਾਪ ਤੇ ਨਿਰਭਰ ਕਰਦੀ ਹੈ। ਪਾਣੀ ਵਿੱਚ ਬਰਫ ਪਾਉਣ ਨਾਲ ਪਾਣੀ ਦਾ ਤਾਪ ਘੱਟ ਹੋ ਜਾਂਦਾ ਹੈ ਜਿਸ ਨਾਲ ਪਾਣੀ ਦੀ ਘੁਲਣਸ਼ੀਲਤਾ ਵੀ ਘੱਟ ਹੋ ਜਾਂਦੀ ਹੈ। ਇਹੀ ਕਾਰਣ ਹੈ ਕਿ ਪਾਣੀ ਵਿੱਚ ਜੇਕਰ ਬਰਫ ਨੂੰ ਪਹਿਲਾ ਪਾ ਕੇ ਬਾਅਦ ਵਿੱਚ ਖੰਡ ਮਿਲਾਈ ਜਾਏ ਤਾਂ ਖੰਡ ਦੇਰ ਨਾਲ ਘੁਲਦੀ ਹੈ। ਇਸ ਹਾਲਤ ਤੋਂ ਬਚਣ ਲਈ ਤੁਹਾਨੂੰ ਸਦਾ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਸ਼ਰਬਤ ਬਣਾਉਣ ਲਈ ਖੰਡ ਮਿਲਾ ਕੇ ਬਾਦ ਵਿੱਚ ਬਰਫ ਪਾਉਣੀ ਚਾਹੀਦੀ ਹੈ।

**ਪ੍ਰਸ਼ਨ :** ਹੀਰੇ ਨੂੰ ਗਲਾਉਣਾ ਮੁਸ਼ਕਿਲ ਕਿਉਂ ਹੈ?

**ਉੱਤਰ :** ਹੀਰਾ ਇੱਕ ਬਹੁਮੁੱਲੀ ਧਾਤੂ ਹੈ ਜਿਸ ਦੇ ਗਹਿਣੇ ਸ਼ਰੀਰ ਦੀ ਖੂਬਸੂਰਤੀ ਵਿੱਚ ਚਾਰ-ਚੰਨ ਲਗਾਉਣ ਵਿੱਚ ਸਹਾਇਕ ਹੁੰਦੇ ਹਨ। ਲੇਕਿਨ ਕੀ ਤੁਸੀਂ ਜਾਣਦੇ ਹੋ ਕਿ ਹੀਰੇ ਨੂੰ ਗਲਾਉਣਾ ਮੁਸ਼ਕਿਲ ਕਿਉਂ ਹੁੰਦਾ ਹੈ? ਦਰਅਸਲ, ਧਰਤੀ ਦੀ ਹੁਣ ਤਕ ਸਭ ਤੋਂ ਵੱਧ ਕਠੋਰ ਧਾਤੂ 'ਹੀਰਾ ਹੀ ਹੈ। ਹੀਰੇ ਨੂੰ ਗਲਾ ਕੇ ਦ੍ਰਵ (liquid) ਵਿੱਚ ਨਹੀਂ ਬਦਲਿਆ ਜਾ ਸਕਦਾ। ਹੀਰੇ ਨੂੰ ਗਲਾਉਣ ਲਈ ਸਮੁੰਦਰ ਤਲ ਤੋਂ ਪ੍ਰਿਥਵੀ ਤੇ ਪੈਣ ਵਾਲੇ ਹਵਾ ਦਾਬ ਦਾ ਸੌ ਲੱਖ ਗੁਣਾ ਦਾਬ ਚਾਹੀਦਾ ਹੈ। ਐਨਾ ਜ਼ਿਆਦਾ ਦਾਬ ਪੈਦਾ ਕਰਨਾ ਬੜੀ ਮੁਸ਼ਕਿਲ ਗੱਲ ਹੈ। ਇਸ ਲਈ ਹੀਰੇ ਨੂੰ ਗਲਾਉਣਾ ਮੁਸ਼ਕਿਲ ਹੁੰਦਾ ਹੈ।

**ਪ੍ਰਸ਼ਨ :** ਜੇਕਰ ਗਮਲਿਆਂ ਵਿੱਚ ਜ਼ਿਆਦਾ ਪਾਣੀ ਪਾ ਦਿੱਤਾ ਜਾਏ ਤਾਂ ਪੌਦੇ ਮਰ ਕਿਉਂ ਜਾਂਦੇ ਹਨ?

**ਉੱਤਰ :** ਤੁਸੀਂ ਆਪਣੇ ਘਰਾਂ ਵਿੱਚ ਪੌਦੇ ਲਗਾਉਣ ਲਈ ਖੂਬਸੂਰਤ ਗਮਲਿਆਂ ਦਾ ਇਸਤੇਮਾਲ ਕਰਦੇ ਹੋਵੋਗੇ। ਗਮਲਿਆਂ ਵਿੱਚ ਪੌਦੇ ਲਗਾਉਣ ਲਈ ਉਹਨਾਂ ਵਿੱਚ ਮਿੱਟੀ ਰੱਖਣੀ ਬਹੁਤ ਜ਼ਰੂਰੀ ਹੈ। ਇਸ ਮਿੱਟੀ ਵਿੱਚ ਹਵਾ ਭਰੀ ਰਹਿੰਦੀ ਹੈ। ਜੇਕਰ ਗਮਲੇ ਵਿੱਚ ਲੋੜ ਤੋਂ ਵਧ ਪਾਣੀ ਪਾ ਦਿੱਤਾ ਜਾਏ ਤਾਂ ਮਿੱਟੀ ਵਿੱਚ ਮੌਜੂਦ ਹਵਾ ਦੀ ਜਗ੍ਹਾ ਪਾਣੀ ਲੈ ਲੈਂਦਾ ਹੈ। ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਹਵਾ ਸਾਰੇ ਜੀਵਧਾਰੀਆਂ ਲਈ ਕਿੰਨੀ ਉਪਯੋਗੀ ਹੁੰਦੀ ਹੈ। ਇਸ ਲਈ ਪੌਦਿਆਂ ਨੂੰ ਸਾਹ ਲੈਣ ਲਈ ਹਵਾ ਨਹੀਂ ਮਿਲਦੀ ਅਤੇ ਪੌਦੇ ਮਰ ਜਾਂਦੇ ਹਨ।

ਲੇਖ : ਅਨੀਤਾ ਕਪੂਰ

# ਮਿਹਨਤੀ ਕੀੜੀਆਂ



ਲੂਸਿਆਨਾ ਦੇ ਰੇਗਿਸਤਾਨੀ ਇਲਾਕਿਆਂ ਵਿੱਚ 'ਅੱਟਾ' ਨਾਮਕ ਕੀੜੀਆਂ ਮਿਲਦੀਆਂ ਹਨ ਜੋ ਰੁੱਖਾਂ ਪੌਦਿਆਂ ਤੋਂ ਮਿੱਠਾ ਸ਼ਹਿਦ ਇੱਕਠਾ ਕਰਦੀਆਂ ਹਨ। ਇਹ ਕੀੜੀਆਂ ਹਮੇਸ਼ਾਂ ਰੁੱਖ-ਪੌਦਿਆਂ ਦਾ ਰਸ ਚੂਸਣ ਵਾਲੇ ਭੁਨਗੋਂ ਜਾਂ ਏਫਿਡ ਤੋਂ ਟਪਕਣ ਵਾਲਾ ਮਿੱਠਾ ਰਸ ਇਕੱਠਾ ਕਰਦੀਆਂ ਹਨ ਪ੍ਰੰਤੂ ਇਹਨਾਂ ਦੇ ਰਸ ਦਾ ਮੁੱਖ ਸਰੋਤ ਕਿੱਕਰ ਦੇ ਛੋਟੇ ਰੁੱਖ ਹੁੰਦੇ ਹਨ ਜਿਹਨਾਂ ਵਿਚੋਂ ਸਫੈਦ ਮਿੱਠਾ ਰਸ ਟਪਕਦਾ ਹੈ। ਇਸ ਤਰ੍ਹਾਂ ਇੱਕਠੇ ਕੀਤੇ ਹੋਏ ਰਸ ਦਾ ਸੁਰੱਖਿਅਤ ਭੰਡਾਰ ਬਣਾਉਣ ਲਈ ਇਹ ਕੀੜੀਆਂ ਬਹੁਤ ਅਨੋਖੇ ਭਾਂਡੇ ਦਾ ਇਸਤੇਮਾਲ ਕਰਦੀਆਂ ਹਨ।

ਤੁਸੀਂ ਜਾਣ ਕੇ ਹੈਰਾਨ ਹੋ ਜਾਓਗੇ ਕਿ ਇਹ ਭਾਂਡਾ ਕੁੱਝ ਜੀਵਿਤ ਮਜਦੂਰ ਕੀੜੀਆਂ ਹੁੰਦੀਆਂ ਹਨ ਜਿਹਨਾਂ ਦਾ ਢਿੱਡ ਸ਼ਹਿਦ ਇੱਕਠਾ ਕਰਨ ਲਈ ਇਸਤੇਮਾਲ ਵਿੱਚ ਲਿਆਂਦਾ ਜਾਂਦਾ ਹੈ ਇਸ ਲਈ ਹਮੇਸ਼ਾਂ ਇਹਨਾਂ ਕੀੜੀਆਂ ਨੂੰ 'ਸ਼ਹਿਦ ਕਲਸ਼' ਕੀੜੀਆਂ ਦਾ ਨਾਮ ਦਿੱਤਾ ਜਾਂਦਾ ਹੈ।

ਇਹਨਾਂ ਕੀੜੀਆਂ ਦਾ ਢਿੱਡ ਬਹੁਤ ਲਚੀਲਾ ਹੁੰਦਾ ਹੈ। ਉਹ ਕੀੜੀਆਂ ਆਪਣੀ ਬਸਤੀ ਤੱਕ ਲੈ ਜਾਣ ਲਈ ਆਪਣੇ ਢਿੱਡ ਵਿੱਚ ਕਾਫੀ ਸ਼ਹਿਦ ਇੱਕਠਾ ਕਰ ਲੈਂਦੀਆਂ ਹਨ। ਇਹ ਸ਼ਹਿਦ ਕੀੜੀਆਂ ਰਾਹੀਂ ਅੰਤ ਵਿੱਚ ਬਸਤੀ ਵਿੱਚ ਸਥਿਤ ਕੁੱਝ ਜੀਵਤ ਘੜਿਆਂ ਵਿੱਚ ਉਡੇਲ ਦਿੱਤਾ ਜਾਂਦਾ ਹੈ। ਹਮੇਸ਼ਾ ਸ਼ਹਿਦ ਘੜੇ ਕੀੜੀਆਂ ਜਿਹਨਾਂ ਦਾ ਢਿੱਡ ਸ਼ਹਿਦ ਨਾਲ ਭਰ ਕੇ ਗੁਬਾਰੇ ਵਾਂਗ ਫੁੱਲ ਜਾਂਦਾ ਹੈ। ਇੱਕ ਹਨ੍ਹੇਰੇ ਸੁੱਕੇ ਕਮਰੇ ਵਿੱਚ ਛੱਤ ਦੀ ਦੀਵਾਰ ਨਾਲ ਲਟਕੀਆਂ ਰਹਿੰਦੀਆਂ ਹਨ। ਇਹਨਾਂ ਦੇ ਢਿੱਡ ਵਿੱਚ ਸੁਰੱਖਿਅਤ ਸ਼ਹਿਦ ਬਸਤੀਆਂ ਦੀਆਂ ਕੀੜੀਆਂ ਲਈ ਅਕਾਲ ਪੈਣ ਤੇ ਕੰਮ ਆਉਂਦਾ ਹੈ।

ਸ਼ਹਿਦ ਘੜਾ ਕੀੜੀਆਂ ਅਤੇ ਬਸਤੀ ਦੀ ਇੱਕ ਸਧਾਰਣ ਮਜਦੂਰ ਕੀੜੀ ਦੇ ਸਰੀਰ ਵਿੱਚ ਕੋਈ ਫਰਕ ਨਹੀਂ ਹੁੰਦਾ। ਬਾਹਰੋਂ ਸ਼ਹਿਦ ਇੱਕਠਾ ਕਰਨ ਵਾਲੀ ਹਰ ਮਜਦੂਰ ਕੀੜੀ ਵੇਖਦੀ ਹੈ ਕਿ ਬਸਤੀ ਦੀ ਕੋਈ ਸ਼ਹਿਦ ਘੜਾ ਕੀੜੀ ਖਾਲੀ ਨਹੀਂ ਹੈ ਤਾਂ ਉਹ ਬਸਤੀ ਦੀ ਕਿਸੇ ਵੀ ਭੁੱਖੀ ਮਜ਼ਦੂਰ ਕੀੜੀ ਨੂੰ ਸ਼ਹਿਦ ਦੀ ਇੱਕ ਬੂੰਦ ਸਵੀਕਾਰ ਕਰਨ ਲਈ ਬੇਨਤੀ ਕਰਦੀ ਹੈ। ਇਹ ਭੁੱਖੀ ਕੀੜੀ ਇਸ ਲਈ ਤਿਆਰ ਹੋ ਜਾਂਦੀ ਹੈ ਫਿਰ ਆਪਣੀ ਭੁੱਖ ਦੇ ਕਾਰਣ ਸ਼ਹਿਦ ਸਵੀਕਾਰ ਕਰਨ ਵਾਲੀ ਕੀੜੀ ਹੋਰ ਸ਼ਹਿਦ ਦੀ ਮੰਗ ਕਰਦੀ ਹੈ। ਫਿਰ ਤਾਂ ਬਾਹਰ ਤੋਂ ਆਉਣ ਵਾਲੀ ਹਰ ਕੀੜੀ ਆਪਣਾ ਸ਼ਹਿਦ ਇਸੇ ਕੀੜੀ ਦੇ ਢਿੱਡ ਵਿੱਚ ਉਡੇਲਦੀ ਜਾਂਦੀ ਹੈ। ਇਸ ਭੁੱਖੀ ਕੀੜੀ ਦਾ ਲਾਲਚ ਉਸ ਦੀ ਲਈ ਬਹੁਤ ਮਹਿੰਗਾ ਸਿੱਧ ਹੁੰਦਾ ਹੈ। ਢਿੱਡ ਵਿੱਚ ਸ਼ਹਿਦ ਭਰ ਕੇ ਫੁੱਲ ਜਾਣ ਨਾਲ ਢਿੱਡ ਦੇ ਬਾਕੀ ਹਿੱਸੇ ਦਬ ਜਾਂਦੇ ਹਨ ਅਤੇ ਢਿੱਡ ਦੀਆਂ ਲਚਕੀਲੀਆਂ ਦੀਵਾਰਾਂ ਆਪਣੀ ਸੀਮਾ ਤਕ ਤਨ ਜਾਂਦੀਆਂ ਹਨ। ਹੁਣ ਇਹ ਜੀਵਿਤ ਸ਼ਹਿਦ ਘੜਾ ਕੀੜੀ ਹੋਰ ਕੋਈ ਕੰਮ ਨਹੀਂ ਕਰ ਸਕਦੀ ਅਤੇ ਬਾਕੀ ਦੂਸਰੀਆਂ ਸ਼ਹਿਦ ਘੜਾ ਕੀੜੀਆਂ ਦੀ ਤਰ੍ਹਾਂ ਆਪਣੀ ਬਸਤੀ ਲਈ ਇੱਕ ਹਨ੍ਹੇਰੇ ਕਮਰੇ ਵਿੱਚ ਜਿਥੇ ਦੂਸਰੀਆਂ ਸ਼ਹਿਦ ਘੜਾ ਕੀੜੀਆਂ ਰਹਿੰਦੀਆਂ ਹਨ ਜਾ ਕੇ ਛੱਤ ਨਾਲ ਲਟਕ ਜਾਂਦੀ ਹੈ।ਅਮਰੀਕਾ ਵਿੱਚ ਰੇਗਿਸਤਾਨੀ ਇਲਾਕਿਆਂ ਵਿੱਚ ਮਿਲਣ ਵਾਲੀਆਂ ਕੁੱਝ ਸ਼ਹਿਦ ਘੜਾ ਕੀੜੀਆਂ ਦਾ ਢਿੱਡ ਇੱਕ ਸੈਂਟੀਮੀਟਰ ਤਕ ਫੁੱਲ ਕੇ ਗੁਬਾਰੇ ਵਰਗਾ ਬਣ ਜਾਂਦਾ ਹੈ। ਅਕਸਰ ਇੱਕ ਬਸਤੀ ਵਿੱਚ ਲਗਭਗ 300 ਸ਼ਹਿਦ ਘੜੇ ਮਿਲ ਜਾਂਦੇ ਹਨ ਅਤੇ ਹਰੇਕ ਸ਼ਹਿਦ ਘੜਾ ਕੀੜੀ ਆਪਣੇ ਵਜਨ ਤੋਂ 9 ਗੁਣਾ ਜ਼ਿਆਦਾ ਵਜਨ ਦਾ ਸ਼ਹਿਦ ਆਪਣੇ ਢਿੱਡ ਵਿੱਚ ਜਮਾ ਰੱਖਦੀ ਹੈ।



*ਕਹਾਣੀ : ਅਮਰਜੀਤ ਸਿੰਘ*

# ਪ੍ਰੇਰਣਾ

ਰਾਜੂ ਦਰਵਾਜੇ ਦੀ ਦਹਿਲੀਜ ਤੇ ਆ ਕੇ ਬੈਠ ਗਿਆ। ਉਦਾਸ! ਹਤਾਸ਼!! ਉਸ ਦੀ ਵਾਰਸ਼ਿਕ ਪ੍ਰੀਖਿਆ ਨੇੜੇ ਸੀ। ਉਹ ਬਹੁਤ ਘਬਰਾ ਰਿਹਾ ਸੀ। ਉਸ ਦਾ ਮਨ ਪ੍ਰੀਖਿਆ ਦੇ ਪ੍ਰਤੀ ਨਿਰਾਸ ਹੋ ਰਿਹਾ ਸੀ। ਉਹ ਸੋਚਣ ਲਗਾ ਸੀ- ਕਿਵੇਂ ਪਾਸ ਹੋਵਾਂਗਾ। ਕੀ ਕਰਾਂ? ਪਾਸ ਹੋਣ ਦੀ ਕੋਈ ਸੂਰਤ ਨਹੀਂ ਦਿਸਦੀ।


ਰਾਜੂ ਆਪਣੀ ਤਿਮਾਹੀ ਅਤੇ ਛਿਮਾਹੀ ਪ੍ਰੀਖਿਆਵਾਂ ਵਿਚੋਂ ਦੋ-ਦੋ ਵਿਸ਼ਿਆਂ ਵਿਚੋਂ ਫੇਲ੍ਹ ਸੀ। ਗਣਿਤ ਅਤੇ ਅੰਗ੍ਰੇਜ਼ੀ ਵਿੱਚ ਉਹ ਕਮਜ਼ੋਰ ਸੀ।

ਉਹ ਸੋਚਣ ਲੱਗਾ ਕਿ ਸੱਤਵੀਂ ਜਮਾਤ ਪਾਸ ਕਰਕੇ ਅੱਠਵੀਂ ਵਿੱਚ ਕਿਵੇਂ ਆਵੇਗਾ? ਇਧਰ ਪਾਪਾ ਨੇ ਚੇਤਾਵਨੀ ਦੇ ਦਿੱਤੀ- ਜੇਕਰ ਤੂੰ ਪਾਸ ਨਹੀਂ ਹੋਇਆ ਤਾਂ ਖੇਡਣਾ ਬੰਦ। ਦੋਸਤਾਂ ਨਾਲ ਮਿਲਣਾ, ਘੁੰਮਣਾ-ਫਿਰਨਾ ਬੰਦ।

ਫਿਰ ਸਭ ਤੋਂ ਵੱਡਾ ਦੁੱਖ ਤਾਂ ਰਾਜੂ ਨੂੰ ਇਹ ਹੋ ਰਿਹਾ ਸੀ ਕਿ ਜੇਕਰ ਉਹ ਪਾਸ ਨਹੀਂ ਹੋਇਆ ਤਾਂ ਉਸ ਦੇ ਪਾਪਾ ਗਰਮੀਆਂ ਦੀਆਂ ਛੁੱਟੀਆਂ ਵਿੱਚ ਉਸ ਨੂੰ ਨੈਨੀਤਾਲ ਅਤੇ ਮਸੂਰੀ ਨਹੀਂ ਲੈ ਜਾਣਗੇ। ਇਹ ਸੋਚ ਕੇ ਉਹ ਬੜਾ ਦੁੱਖੀ ਹੋ ਗਿਆ ਸੀ।

ਤਦ ਉਸ ਨੇ ਨਿਗਾਹ ਨੀਵੀਂ ਕਰਕੇ ਗਹਿਰੀ ਸਾਹ ਛੱਡੀ। ਇਕਦਮ ਉਸ ਦੀ ਨਿਗਾਹ ਇੱਕ ਕੀੜੀ ਤੇ ਪਈ ਜੋ ਇੱਕ ਵੱਡੇ ਸਾਰੇ ਮਰੇ ਹੋਏ ਕੀੜੇ ਨੂੰ ਖਿਚਦੀ ਹੋਈ ਦਹਿਲੀਜ ਤੇ ਚੜ ਰਹੀ ਸੀ। ਪਰ ਕੀੜੀ ਵਾਰ-ਵਾਰ ਡਿਗ ਜਾਂਦੀ ਸੀ। ਰਾਜੂ ਬਿਨਾ ਅੱਖ ਝਪਕੇ ਉਸ ਨੂੰ ਵੇਖਣ ਲੱਗਾ। ਛੋਟੀ ਜਿਹੀ ਕੀੜੀ ਆਪਣੇ ਤੋਂ ਕਈ ਗੁਣਾਂ ਭਾਰੀ ਕੀੜੇ ਨੂੰ ਘਸੀਟਦੇ ਹੋਏ ਦਹਿਲੀਜ ਤੋਂ ਦੋ ਵਾਰ ਡਿਗ ਚੁੱਕੀ ਸੀ ਪਰ ਤੀਸਰੀ ਵਾਰ ਕੀੜੀ ਦਹਿਲੀਜ਼ ਤੇ ਚੜ੍ਹਨ ਵਿੱਚ ਸਫਲ ਹੋ ਗਈ। ਰਾਜੂ ਉਸਦੀ ਮਿਹਨਤ ਅਤੇ ਸਫਲਤਾ ਤੇ ਮਨ ਹੀ ਮਨ ਖੁਸ਼ ਹੋਇਆ।

ਅਚਾਨਕ ਰਾਜੂ ਦੇ ਮਨ ਵਿੱਚ ਵਿਚਾਰ ਆਇਆ- ਜੇਕਰ ਛੋਟੀ ਜਿਹੀ ਕੀੜੀ ਐਨੇ ਵੱਡੇ ਕੀੜੇ ਨੂੰ ਲੈ ਕੇ ਯਤਨ ਅਤੇ ਮਿਹਨਤ ਕਰਕੇ ਦਹਿਲੀਜ਼ ਤੇ ਚੜ੍ਹ ਸਕਦੀ ਹੈ ਤਾਂ ਉਹ ਵੀ ਮਿਹਨਤ ਨਾਲ ਪੜ ਕੇ ਵਾਰਸ਼ਿਕ ਪ੍ਰੀਖਿਆ ਵਿਚੋਂ ਪਾਸ ਹੋ ਸਕਦਾ ਹੈ। ਇਸ ਤਰ੍ਹਾਂ ਉਹ ਪਾਪਾ ਨੂੰ ਖੁਸ਼ ਕਰ ਸਕਦਾ ਹੈ ਅਤੇ ਪਾਪਾ ਦੀ ਖੁਸ਼ੀ ਦੇ ਸਹਾਰੇ ਆਪਣੀ ਹਰ ਇੱਛਾ ਪੂਰੀ ਕਰ ਸਕਦਾ ਹੈ। ਰਾਜੂ ਮਨ ਹੀ ਮਨ ਝੂਮ ਉਠਿਆ ਅਤੇ ਤੇਜ਼ੀ ਨਾਲ ਆਪਣੇ ਕਮਰੇ ਵਿੱਚ ਪੜ੍ਹਨ ਲਈ ਚਲ ਪਿਆ, ਜਿਥੇ ਕਿਤਾਬਾਂ ਉਸ ਦੀ ਉਡੀਕ ਕਰ ਰਹੀਆਂ ਸਨ।





ਆਲੇਖ : ਕਿਰਣਬਾਲਾ

# ਕੀ ਹੈ ਮੌਤ ਦੀ ਘਾਟੀ ?

ਤੁਸੀਂ ਮੌਤ ਦੀ ਘਾਟੀ ਜਾਂ 'ਡੈਥ ਵੈਲੀ' ਦਾ ਨਾਮ ਤਾਂ ਸੁਣਿਆ ਹੀ ਹੋਵੇਗਾ, ਲੇਕਿਨ ਕੀ ਤੁਸੀਂ ਜਾਣਦੇ ਹੋ ਕਿ ਇਹ ਕੀ ਹੈ ਅਤੇ ਕਿਥੇ ਹੈ ਅਤੇ ਇਸ ਨੂੰ ਮੌਤ ਦੀ ਘਾਟੀ ਕਿਉਂ ਕਿਹਾ ਜਾਂਦਾ ਹੈ? ਡੈਥ ਵੈਲੀ ਉੱਤਰੀ ਅਮਰੀਕਾ ਵਿੱਚ ਕੈਲੇਫੋਰਨੀਆਂ ਦੇ ਦੱਖਣ ਪੂਰਬ ਵਿੱਚ ਨੇਵਾਦਾ ਦੀ ਸੀਮਾ ਦੇ ਕੋਲ ਹੈ। ਇਹ ਉਤਰੀ ਅਮਰੀਕਾ ਦਾ ਸਭ ਤੋਂ ਗਰਮ ਅਤੇ ਸੁੱਕਾ ਸਥਾਨ ਹੈ। ਇਸ ਦੀ ਲੰਬਾਈ 225 ਕਿਲੋਮੀਟਰ ਅਤੇ ਵੱਖ-ਵੱਖ ਸਥਾਨਾਂ ਤੇ ਇਸ ਦੀ ਚੌੜਾਈ 8 ਤੋਂ 24 ਕਿਲੋਮੀਟਰ ਦੇ ਵਿੱਚ ਹੈ, ਇਸ ਦੇ ਤਲ ਦਾ ਸਭ ਤੋਂ ਹੇਠਲਾ ਸਥਾਨ ਸਮੁੰਦਰ ਤਲ ਤੋਂ 282 ਫੁੱਟ ਹੇਠਾਂ ਹੈ।

ਇਸ ਘਾਟੀ ਦੀਆਂ ਆਪਣੀਆਂ ਕੁੱਝ ਵਿਸ਼ੇਸ਼ਤਾਵਾਂ ਹਨ ਜਿਹਨਾਂ ਦੀ ਵਜ੍ਹਾ ਨਾਲ ਇਸ ਨੂੰ ਮੌਤ ਦੀ ਘਾਟੀ ਕਿਹਾ ਜਾਂਦਾ ਹੈ। ਇਸ ਦਾ ਤਾਪਮਾਨ 49 ਡਿਗਰੀ ਸੈਂਟੀਗ੍ਰੇਡ ਤਕ ਪਹੁੰਚ ਜਾਂਦਾ ਹੈ। ਪਾਣੀ ਤਾਂ ਜਿਵੇਂ ਇਥੇ ਹੈ ਹੀ ਨਹੀਂ ਕਿਉਂਕਿ ਵਰਖਾ ਨਾਮਾਤਰ ਹੀ ਹੁੰਦੀ ਹੈ। ਜੇਕਰ ਕਿਤੇ ਪਾਣੀ ਹੈ ਵੀ ਤਾਂ ਉਹ ਖਾਰਾ ਪੀਣ ਯੋਗ ਨਹੀਂ ਹੈ। ਸਾਰੀ ਘਾਟੀ ਵਿੱਚ ਰੇਤ ਹੀ ਰੇਤ ਨਜ਼ਰ ਆਉਂਦੀ ਹੈ। ਪਹਿਲਾਂ ਜਦ ਲੋਕ ਅਮਰੀਕਾ ਜਾਂਦੇ ਸਨ ਤਾਂ ਉਹਨਾਂ ਨੂੰ ਇਸ ਘਾਟੀ ਵਿਚੋਂ ਹੋ ਕੇ ਗੁਜ਼ਰਨਾ ਪੈਂਦਾ ਸੀ। ਤਾਪਮਾਨ ਬਹੁਤ ਜ਼ਿਆਦਾ ਸੁੱਕਾ ਹੋਣ ਦੀ ਵਜ੍ਹਾ ਨਾਲ ਜ਼ਿਆਦਾਤਰ ਲੋਕ ਘਾਟੀ ਪਾਰ ਕਰਦੇ-ਕਰਦੇ ਮਰ ਜਾਂਦੇ ਸਨ। ਇਹਨਾਂ ਭਿਆਨਕ ਹਾਲਾਤਾਂ ਦੇ ਕਾਰਣ ਇਸ ਦਾ ਨਾਮ 'ਡੈਥ ਵੈਲੀ' ਪਿਆ।

ਸੰਨ 1870 ਵਿੱਚ ਮਾਹਰਾਂ ਨੇ ਜਦ ਇਸ ਘਾਟੀ ਦਾ ਅਧਿਐਨ ਕੀਤਾ ਤਾਂ ਉਥੇ ਹਜ਼ਾਰਾਂ ਇਨਸਾਨਾਂ ਅਤੇ ਜਾਨਵਰਾਂ ਦੀਆਂ ਹੱਡੀਆਂ ਦੇ ਢਾਂਚੇ ਮਿਲੇ। ਬਾਅਦ ਵਿੱਚ ਸੰਨ 1933 ਵਿੱਚ ਇਸ ਵੈਲੀ ਨੂੰ ਅਮਰੀਕਾ ਦਾ ਨੈਸ਼ਨਲ ਮਾਨਯੂਮੇਂਟ ਘੋਸ਼ਿਤ ਕਰ ਦਿੱਤਾ। ਹੁਣ ਇਹ ਸੈਲਾਨੀਆਂ ਲਈ ਇੱਕ ਰਮਣੀਕ ਸਥਾਨ ਬਣ ਚੁੱਕਾ ਹੈ ਜਿਸ ਨੂੰ ਵੇਖਣ ਹਰ ਸਾਲ ਲੱਖਾਂ ਲੋਕ ਜਾਂਦੇ ਹਨ।

ਬਾਲ ਕਹਾਣੀ : ਨੀਲਮ ਭਾਟੀਆ

# ਚੀਨ ਦੀ ਵਿਸ਼ਾਲ ਦੀਵਾਰ

''ਨਮਸਤੇ! ਮੈਂ ਨਲਿਨੀ ਹਾਂ। ਆਪ ਦੇ ਬਾਰੇ ਵਿੱਚ ਜਾਣਨਾ ਚਾਹੁੰਦੀ ਹਾਂ।'' ਚੀਨ ਦੀ ਵਿਸ਼ਾਲ ਦੀਵਾਰ ਨੂੰ ਨਲਿਨੀ ਨੇ ਕਿਹਾ।

''ਨਮਸਤੇ, ਨਲਿਨੀ! ਤੁਹਾਡਾ ਸੁਆਗਤ ਹੈ। ਬੋਲੋ, ਕੀ ਜਾਣਨਾ ਚਾਹੁੰਦੀ ਹੋ?'' ਦੀਵਾਰ ਚੋਂ ਆਵਾਜ਼ ਆਈ।

ਨਲਿਨੀ ਨੇ ਕਿਹਾ, ''ਆਪ ਆਪਣੇ ਬਾਰੇ ਵਿੱਚ ਕੁੱਝ ਦੱਸੋ। ਮੈਂ ਤਾਂ ਬਸ ਇਹ ਜਾਣਦੀ ਹਾਂ ਕਿ ਦੁਨੀਆਂ ਦੇ ਸੱਤ ਅਜੂਬਿਆਂ ਵਿੱਚ ਆਪ ਸ਼ਾਮਿਲ ਹੋ। ਲੋਕਾਂ ਤੋਂ ਆਪ ਦੇ ਬਾਰੇ ਵਿੱਚ ਬਹੁਤ ਕੁੱਝ ਸੁਣਿਆ ਹੈ ਪਰ ਆਪ ਦੇ ਮੂੰਹ ਤੋਂ ਆਪ ਦੀ ਕਹਾਣੀ ਸੁਣਨਾ ਚਾਹੁੰਦੀ ਹਾਂ।''

ਕੁਝ ਸੋਚ ਕੇ ਚੀਨ ਦੀ ਦੀਵਾਰ ਨੇ ਬੋਲਣਾ ਸ਼ੁਰੂ ਕੀਤਾ, – ''ਅੱਜ ਤੋਂ ਦੋ ਹਜ਼ਾਰ ਸਾਲ ਪਹਿਲਾਂ ਚੀਨ ਵਿੱਚ 'ਕਿਨ ਸ਼ੀ ਹੁਆਂਗਦੀ' ਦਾ ਰਾਜ ਸੀ। ਉਹਨਾਂ ਨੇ ਮੈਨੂੰ ਬਣਵਾਉਣਾ ਸ਼ੁਰੂ ਕੀਤਾ ਸੀ। ਚੀਨ ਵਿੱਚ ਮੈਨੂੰ 'ਵਾਨ ਲੀ ਚਾਂਗ' ਕਿਹਾ ਜਾਂਦਾ ਹੈ। ਇਸ ਦਾ ਮਤਲਬ ਹੈ – ਦਸ ਹਜ਼ਾਰ ਲੀ ਲੰਮੀ ਦੀਵਾਰ।'

ਨਲਿਨੀ ਨੇ ਪੁੱਛਿਆ, ''ਦਸ ਹਜ਼ਾਰ ਲੀ ਦਾ ਕੀ ਮਤਲਬ?''

''ਪੰਜ ਹਜ਼ਾਰ ਕਿਲੋਮੀਟਰ।'' ਚੀਨ ਦੀ ਦੀਵਾਰ ਨੇ ਦੱਸਿਆ।

ਨਲਿਨੀ ਨੇ ਅੱਗੇ ਪੁੱਛਿਆ, ''ਕੀ ਆਪ ਆਪਣੀ ਚੌੜਾਈ ਅਤੇ ਉਚਾਈ ਦੇ ਬਾਰੇ ਵਿੱਚ ਵੀ ਕੁੱਝ ਦੱਸੋਗੇ?''

ਦੀਵਾਰ ਬੋਲੀ – ''ਹਾਂ-ਹਾਂ, ਕਿਉਂ ਨਹੀਂ। ਮੇਰੀ ਚੌੜਾਈ ਸਾਢੇ ਚਾਰ ਤੋਂ ਨੌ ਮੀਟਰ ਹੈ। ਜਾਣਦੀ ਹੋ ਮੈਨੂੰ ਬਣਾਉਣ ਵਿੱਚ ਕਿੰਨਾ ਸਮਾਂ ਲੱਗਾ?''





''ਨਹੀਂ, ਤੁਸੀਂ ਹੀ ਦੱਸੋ।'' ਨਲਿਨੀ ਬੋਲੀ।

''ਅਸਲ ਵਿੱਚ ਮੈਨੂੰ ਇੱਕ ਦੀਵਾਰ ਨਾ ਕਹਿ ਕੇ, ਕਈ ਦੀਵਾਰਾਂ ਦੀ ਕੜੀ ਕਿਹਾ ਜਾਏ ਤਾਂ ਠੀਕ ਰਹੇਗਾ। ਮੈਂ ਵੱਖ-ਵੱਖ ਸਮੇਂ ਵਿੱਚ ਕਰੀਬ ਇੱਕ ਹਜ਼ਾਰ ਸਾਲ ਵਿੱਚ ਬਣ ਕੇ ਤਿਆਰ ਹੋਈ ਹਾਂ।'' ਚੀਨ ਦੀ ਦੀਵਾਰ ਨੇ ਦੱਸਿਆ। ਉਹ ਅਗੇ ਬੋਲੀ - ''ਮੈਂ ਦੁਸ਼ਮਣ ਰਾਜਿਆਂ ਤੋਂ ਆਪਣੇ ਦੇਸ਼ ਦੀ ਰੱਖਿਆ ਕਰਦੀ ਆਈ ਹਾਂ। ਮੈਂ ਸੁਣਿਆ ਹੈ ਕਿ ਮੈਂ ਆਸਮਾਨ ਅਤੇ ਪੁਲਾੜ ਤੋਂ ਵੀ ਦਿਖਾਈ ਦਿੰਦੀ ਹਾਂ।'' ਮੁਸਕਰਾਉਂਦੇ ਹੋਏ ਚੀਨ ਦੀ ਦੀਵਾਰ ਨੇ ਕਿਹਾ।

ਨਲਿਨੀ ਨੇ ਕਿਹਾ, ''ਆਪ ਠੀਕ ਕਹਿ ਰਹੀ ਹੋ। ਪਿਤਾ ਜੀ ਨੇ ਦੱਸਿਆ ਸੀ ਕਿ ਆਪ ਪੁਲਾੜ ਤੋਂ ਵੀ ਦਿਸਦੀ ਹੋ।''

ਖੁਸ਼ ਹੁੰਦੇ ਹੋਏ ਚੀਨ ਦੀ ਦੀਵਾਰ ਬੋਲੀ - ''ਮੇਰੇ ਉਤਰ ਵੱਲ ਹੁਆਂਗ ਦਾ ਖੁਲ੍ਹਾ ਮੈਦਾਨ ਹੈ। ਦੱਖਣ ਵੱਲ ਰੁੱਖਾਂ ਅਤੇ ਝਾੜੀਆਂ ਨਾਲ ਢੱਕੀਆਂ ਹੋਈਆਂ ਪਹਾੜੀਆਂ ਹਨ।''

ਨਲਿਨੀ ਨੇ ਚੀਨ ਦੀ ਦੀਵਾਰ ਦੀ ਤਾਰੀਫ ਕਰਕੇ ਹੋਏ ਕਿਹਾ - ''ਸੱਚਮੁੱਚ, ਆਪ ਬਹੁਤ ਮਹਾਨ ਹੈ। ਤਦੇ ਤਾਂ ਆਪ 'ਗ੍ਰੇਟ ਵਾਲ ਆਫ ਚਾਈਨਾ' ਕਹਾਉਂਦੀ ਹੋ।

ਨਲਿਨੀ ਨੇ ਚੀਨ ਦੀ ਦੀਵਾਰ ਨੂੰ ਧੰਨਵਾਦ ਕਿਹਾ। ਫਿਰ ਨਮਸਕਾਰ ਕਰਕੇ ਉਸ ਨੂੰ ਨਿਹਾਰਦੇ ਹੋਏ ਚਲੀ ਗਈ।




ਮਾਂ : (ਰੋਹਿਤ ਨੂੰ) ਉਠ ਜਾ ਆਲਸੀ, ਸੂਰਜ ਕਦੋਂ ਦਾ ਨਿਕਲ ਆਇਆ ਹੈ।

ਰੋਹਿਤ : ਤਾਂ ਕੀ ਹੋਇਆ ਮਾਂ, ਉਹ ਸੌਂਦਾ ਵੀ ਤਾਂ ਮੇਰੇ ਤੋਂ ਪਹਿਲਾਂ ਹੈ।

ਪੱਪੂ ਪੱਖਾ ਖ਼੍ਰੀਦਣ ਗਿਆ।

ਪੱਪੂ : ਦੋ ਪੱਖੇ ਦੇਣਾ।

ਦੁਕਾਨਦਾਰ : ਕਿਹੜੇ ਦੇਵਾਂ?

ਪੱਪੂ : ਇਕ ਲੇਡੀਜ਼ ਅਤੇ ਇੱਕ ਜੇਂਟਸ ਦਿਉ।

ਦੁਕਾਨਦਾਰ : ਪੱਖੇ ਵਿੱਚ ਲੇਡੀਜ਼, ਜੇਂਟਸ ਨਹੀਂ ਹੁੰਦਾ।

ਪੱਪੂ : ਕਿਵੇਂ ਨਹੀਂ ਹੁੰਦਾ? ਇਕ ਊਸ਼ਾ ਦਾ ਅਤੇ ਇੱਕ ਬਜਾਜ ਦਾ।

– ਨਿਸ਼ਾ ਚੌਧਰੀ

ਆਪਣੇ ਗਲੇ ਦਾ ਅਪਰੇਸ਼ਨ ਹੁੰਦੇ ਹੀ ਗੋਲੂ ਨੇ ਪਾਣੀ-ਪਾਣੀ ਦੀ ਰਟ ਲਗਾ ਦਿੱਤੀ।

ਨਰਸ ਪ੍ਰੇਸ਼ਾਨ ਸੀ। ਉਸ ਨੇ ਕਦੇ ਅਜਿਹਾ ਮਰੀਜ ਨਹੀਂ ਵੇਖਿਆ ਸੀ ਜਿਸ ਨੂੰ ਅਪ੍ਰੇਸ਼ਨ ਹੁੰਦੇ ਹੀ ਪਿਆਸ ਲਗ ਜਾਏ।

ਉਹ ਗੋਲੂ ਨੂੰ ਪਾਣੀ ਦਾ ਗਿਲਾਸ ਫੜਾਉਂਦੇ ਹੋਏ ਬੁੜਬੁੜਾਈ :

ਅਜਿਹੀ ਵੀ ਕੀ ਪਿਆਸ ਹੈ, ਜਰਾ ਜਿਹਾ ਵੀ ਸਬਰ ਨਹੀਂ ਹੈ?

ਗੋਲੂ ਬੋਲਿਆ :

ਸਿਸਟਰ ਪਿਆਸ ਨਹੀਂ ਲੱਗੀ ਹੈ। ਮੈਂ ਤਾਂ ਇਹ ਚੈਕ ਕਰਨਾ ਚਾਹੁੰਦਾ ਹਾਂ ਕਿ ਅਪ੍ਰੇਸ਼ਨ ਦੇ ਬਾਦ ਮੇਰਾ ਗਲਾ ਲੀਕ ਤਾਂ ਨਹੀਂ ਕਰ ਰਿਹਾ।

– ਆਕਾਸ਼ ਮੇਘਾਨੀ

ਸੋਕਾ ਪੀੜਤ ਖੇਤਰ ਦੀ ਇੱਕ ਚੋਣ ਸਭਾ ਵਿੱਚ ਭਾਸ਼ਣ ਕਰਨ ਤੋਂ ਪਹਿਲਾਂ ਇੱਕ ਨੇਤਾ ਨੇ ਆਪਣੇ ਸੈਕਟਰੀ ਤੋਂ ਪੁੱਛਿਆ –

ਲੋਕਾਂ ਨੂੰ ਕੀ ਉਮੀਦ ਦਿੱਤੀ ਜਾਵੇ।

ਸੈਕਟਰੀ ਉਸੇ ਵੇਲੇ ਬੋਲਿਆ :

ਇਸ ਇਲਾਕੇ ਵਿੱਚ ਬਹੁਤ ਸੋਕਾ ਪੈਂਦਾ ਹੈ। ਆਪ ਫੌਰਨ ਵਰਖਾ ਹੋਣ ਦੀ ਉਮੀਦ ਦੇ ਦਿਉ।

– ਸੁਮਿਤ

ਅਧਿਆਪਕ : (ਵਿਦਿਆਰਥੀ ਨੂੰ) ਤੂੰ ਰੋਜ਼ ਖਾਣਾ ਖਾ ਕੇ ਮੂੰਹ ਕਿਉਂ ਨਹੀਂ ਧੋਂਦਾ? ਮੈਂ ਤੇਰਾ ਮੂੰਹ ਵੇਖ ਕੇ ਦੱਸ ਸਕਦਾ ਹਾਂ ਕਿ ਤੂੰ ਅੱਜ ਕੀ ਖਾਧਾ ਹੈ?

ਵਿਦਿਆਰਥੀ : ਦੱਸੋ ਸਰ! ਮੈਂ ਕੀ ਖਾਧਾ ਹੈ?

ਅਧਿਆਪਕ : ਦਹੀ ਵੜੇ।

ਵਿਦਿਆਰਥੀ : ਨਹੀਂ ਸਰ! ਉਹ ਤਾਂ ਕੱਲ ਖਾਧੇ ਸਨ।

---

ਛੋਟੂ ਪਹਿਲੀ ਵਾਰ ਟ੍ਰੇਨ ਵਿੱਚ ਸਫਰ ਕਰਨ ਵਾਲਾ ਸੀ।

ਤਦੇ ਘੋਸ਼ਣਾ ਹੋਈ :

ਬਿਨਾ ਟਿਕਟ ਸਫਰ ਕਰਨ ਵਾਲੇ ਯਾਤਰੀ ਹੁਸ਼ਿਆਰ।

ਇਸੇ ਦੌਰਾਨ ਛੋਟੂ ਬੋਲ ਪਿਆ :

ਅਰੇ ਵਾਹ! ਬਿਨਾ ਟਿਕਟ ਸਫਰ ਕਰਨ ਵਾਲੇ ਯਾਤਰੀ ਹੁਸ਼ਿਆਰ ਅਤੇ ਅਸੀਂ ਟਿਕਟ ਲਈ ਤਾਂ ਅਸੀਂ ਬੇਵਕੂਫ।

---

ਮਿੰਟੂ : (ਪਿਤਾ ਨੂੰ) ਪਿਤਾ ਜੀ, ਦਰਵਾਜੇ ਤੇ ਲੋਕ ਸਵਿਮਿੰਗ ਪੂਲ ਲਈ ਚੰਦਾ ਮੰਗ ਰਹੇ ਹਨ?

ਪਿਤਾ : ਕੋਈ ਗੱਲ ਨਹੀਂ। ਉਹਨਾਂ ਨੂੰ ਇੱਕ ਲੋਟਾ ਜਲ ਦੇ ਦਿਉ।

– ਰਵਨੀਤ

ਟੀਚਰ : ਦੱਸੋ ਬੱਚਿਉ, ਵਾਸਕੋਡੀਗਾਮਾ ਭਾਰਤ ਵਿੱਚ ਕਦੋਂ ਆਇਆ ਸੀ?

ਰਾਜੂ : ਜੀ, ਸਰਦੀਆਂ ਵਿੱਚ ਆਇਆ ਸੀ।

ਟੀਚਰ : ਬੁੱਧੂ ਹੈ ਕੀ? ਤੈਨੂੰ ਕਿਸ ਨੇ ਦੱਸਿਆ ਕਿ ਉਹ ਸਰਦੀਆਂ ਵਿੱਚ ਆਇਆ ਸੀ।

ਰਾਜੂ : ਮੈਂ ਕਿਤਾਬ ਵਿੱਚ ਫੋਟੋ ਵੇਖੀ ਸੀ, ਉਸ ਨੇ ਕੋਟ ਪਾ ਰੱਖਿਆ ਸੀ।

– ਗੁਰਮੀਤ ਸਿੰਘ

ਮੋਹਨ : (ਸੋਹਨ ਨੂੰ) ਯਾਰ ਪਤਾ ਨਹੀਂ ਲੋਕ ਇੱਕ-ਇੱਕ ਮਹੀਨੇ ਤਕ ਬਿਨਾ ਨਹਾਏ ਕਿਵੇਂ ਰਹਿ ਜਾਂਦੇ ਹਨ?

ਸੋਹਨ : ਕਿਉਂ ਕੀ ਹੋਇਆ?

ਮੋਹਨ : ਕਿਉਂਕਿ ਮੈਨੂੰ ਤਾਂ ਵੀਹ ਦਿਨ ਵਿੱਚ ਹੀ ਖੁਰਕ ਹੋਣ ਲੱਗਦੀ ਹੈ।

---

ਉਮੇਸ਼ : ਅੱਜ ਮੇਰੀ ਕਿਸੇ ਨੇ ਜੇਬ ਕੱਟ ਲਈ।

ਸੁਰੇਸ਼ : ਤਾਂ ਪੁਲਿਸ ਵਿੱਚ ਰਿਪੋਰਟ ਕਰੋ।

ਉਮੇਸ਼ : ਲੇਕਿਨ ਗਲਤੀ ਕਰ ਦਿੱਤੀ ਮੈਂ।

ਸੁਰੇਸ਼ : ਕੀ?

ਉਮੇਸ਼ : ਜੇਬ ਕੱਟਣ ਦੇ ਤੁਰੰਤ ਬਾਦ ਮੈਂ ਦਰਜ਼ੀ ਤੋਂ ਜੇਬ ਸਿਲਵਾ ਲਈ।

– ਕਿਰਣ ਵਾਲੀਆ


ਕਵਿਤਾ : ਸ਼ੰਕਰ ਲਾਲ



# ਵਾਤਾਵਰਣ ਸੁਰੱਖਿਆ

ਵਾਤਾਵਰਣ ਜੇਕਰ ਵਿਗੜ ਗਿਆ ਤਾਂ,
ਜੀਵਨ ਸਭ ਦਾ ਦੁੱਖੀ ਰਹੇਗਾ।
ਰੋਗਪੀੜਤ ਹੋ ਕੇ ਜੀਵਨ ਵਿੱਚ,
ਹਰ ਮਾਨਵ ਵੀ ਦੁੱਖੀ ਰਹੇਗਾ।
ਹਵਾ ਜ਼ਹਿਰੀਲੀ ਹੋ ਗਈ ਸਾਰੀ,
ਦੂਸ਼ਿਤ ਹੈ ਪੀਣ ਦਾ ਪਾਣੀ।

ਖਾਣ ਪੀਣ ਦੀਆਂ ਸਾਰੀਆਂ ਵਸਤੂਆਂ,
ਜੀਣ ਦੀ ਹੈ ਆਸ ਮਿਟਾਉਂਦੀਆਂ।
ਪਾਣੀ ਨੂੰ ਦੂਸ਼ਿਤ ਕਰ ਦਿਤਾ ਹੈ,
ਨਦੀਆਂ ਵੀ ਹੋਈਆਂ ਜ਼ਹਿਰੀਲੀਆਂ।
ਗੰਦੇ ਨਾਲਿਆਂ ਦਾ ਪਾਣੀ ਲੈ ਕੇ,
ਨਦੀਆਂ ਵੀ ਹੋ ਗਈਆਂ ਮੈਲੀਆਂ।



ਰੁੱਖ ਲਗਾ ਕੇ ਵਾਤਾਵਰਣ ਨੂੰ,
ਬਚਾ ਸਕੋ ਤਾਂ ਹੁਣੇ ਬਚਾਉ।
ਰੁੱਖਾਂ ਨੂੰ ਕੱਟ-ਕੱਟ ਕੇ,
ਹੋਰ ਨਾ ਜ਼ਿਆਦਾ ਪਾਪ ਕਮਾਉ।
ਵਾਤਾਵਰਣ ਦੀ ਰੱਖਿਆ ਕਰਕੇ ਤੁਸੀਂ,
ਆਪਣਾ ਪਾਵਨ ਫਰਜ ਨਿਭਾਉ।

ਹਰਿਆਲੀ ਨੂੰ ਹੋਰ ਵਧਾ ਕੇ,
ਜੀਵਨ ਸਭ ਦਾ ਸੁਖੀ ਬਣਾਉ।
ਰੁੱਖ ਲਗਾਉ ਜਲ ਬਚਾਉ,
ਇਸੇ ਨਾਲ ਜੀਵਨ ਸੁੱਖੀ ਬਣੇਗਾ।
ਜਨ ਸੇਵਾ ਦੀ ਇਸ ਮੁਹਿੰਮ ਨਾਲ,
ਹਰ ਇੱਕ ਨੂੰ ਆਰਾਮ ਮਿਲੇਗਾ।

# ਸਾਧਾਰਨ ਗਿਆਨ ਪ੍ਰਸ਼ਨੋਤਰੀ



*(ਸਭ ਸਵਾਲਾਂ ਦੇ ਜੁਆਬ 'ਧੀ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)*

ਪ੍ਰਸ਼ਨ 1) ਭਾਰਤ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਕੌਣ ਸੀ?

ਪ੍ਰਸ਼ਨ 2) 'ਮੇਰੇ ਸਤਯ ਦੇ ਪ੍ਰਯੋਗ' ਦੇ ਲੇਖਕ ਕੌਣ ਸਨ?

ਪ੍ਰਸ਼ਨ 3) ਭਾਰਤੀ ਸੰਸਦ ਦੀ ਵਿਦੇਸ਼ੀ ਮੂਲ ਦੀ ਵਿਰੋਧੀ ਨੇਤਾ ਕੌਣ ਸੀ?

ਪ੍ਰਸ਼ਨ 4) ਮਹਾਤਮਾ ਗਾਂਧੀ ਦੀ ਪਤਨੀ ਦਾ ਕੀ ਨਾਮ ਸੀ?

ਪ੍ਰਸ਼ਨ 5) ਕਿਸ ਭਾਰਤੀ ਦੀ ਤਸਵੀਰ ਸਭ ਤੋਂ ਪਹਿਲਾਂ ਭਾਰਤੀ ਡਾਕ ਟਿਕਟ ਉਤੇ ਛਾਪੀ ਗਈ?

ਪ੍ਰਸ਼ਨ 6) ਤੁਲਸੀ ਦਾਸ ਨੇ ਰਾਮ ਚਰਿਤਮਾਨਸ ਦੀ ਰਚਨਾ ਕਿਸ ਭਾਸ਼ਾ ਵਿਚ ਕੀਤੀ ਸੀ?

ਪ੍ਰਸ਼ਨ 7) ਕਿਸ ਭਾਰਤੀ ਪ੍ਰਧਾਨ ਮੰਤਰੀ ਦੀ ਹੱਤਿਆ 1991 ਵਿਚ ਸ਼੍ਰੀਪੇਰੰਬਦੂਰ ਵਿਚ ਹੋਈ ਸੀ?

ਪ੍ਰਸ਼ਨ 8) ਵਿਟਾਮਿਨ 'ਏ' ਦੀ ਕਮੀ ਨਾਲ ਹੋਣ ਵਾਲੇ ਕਿਸ ਰੋਗ ਨਾਲ ਰਾਤ ਨੂੰ ਘੱਟ ਦਿਖਾਈ ਦਿੰਦਾ ਹੈ?

ਪ੍ਰਸ਼ਨ 9) ਭਾਰਤ ਦੀ ਕਿਸ ਮਹਿਲਾ ਸਾਬਕਾ ਪ੍ਰਧਾਨ ਮੰਤਰੀ ਨੂੰ ਬੰਗਲਾ ਦੇਸ਼ ਸਰਕਾਰ ਨੇ ਆਪਣੇ ਸਰਵਉੱਚ ਨਾਗਰਿਕ ਪੁਰਸਕਾਰ "ਬੰਗਲਾ ਦੇਸ਼ ਸਵੈਧੀਨਤਾ ਸਨਮਾਨ" ਨਾਲ 2011 ਵਿਚ ਸਨਮਾਨਿਤ ਕੀਤਾ ਜਿਸ ਨੂੰ ਉਹਨਾਂ ਦੀ ਨੂੰਹ ਸੋਨੀਆ ਗਾਂਧੀ ਨੇ ਪ੍ਰਾਪਤ ਕੀਤਾ?

ਪ੍ਰਸ਼ਨ 10) ਸੁਤੰਤਰਤਾ ਸੈਨਾਨੀ ਅਬਦੁੱਲ ਗੱਫਾਰ ਖਾਨ ਕਿਸ ਨਾਮ ਨਾਲ ਪ੍ਰਸਿੱਧ ਹਨ?

ਪ੍ਰਸ਼ਨ 11) ਭਾਰਤ ਦੇ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਮੰਤਰੀ ਕੌਣ ਸਨ?

ਪ੍ਰਸ਼ਨ 12) 'ਭਾਰਤ ਛੱਡੋ ਅੰਦੋਲਨ' ਦੇ ਨੇਤਾ ਕੌਣ ਸਨ?

ਪ੍ਰਸ਼ਨ 13) 'ਭਾਰਤ ਰਤਨ' ਪੁਰਸਕਾਰ ਪ੍ਰਾਪਤ ਕਰਨ ਵਾਲੀ ਪਹਿਲੀ ਮਹਿਲਾ ਕੌਣ ਸੀ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

**ਚਿੱਤਰਕਾਰ ਅਤੇ ਲੇਖਕ –**
**ਅਜੈ ਕਾਲੜਾ**




ਮੈਡਮ ਜੀ, ਲੱਕੜੀ ਦੇ ਪਹੀਏ ਦੀ ਕਾਢ ਕਦੋਂ ਹੋਈ ਸੀ?
ਲੱਕੜੀ ਦੇ ਪਹੀਏ ਦੀ ਕਾਢ ਸਭ ਤੋਂ ਪਹਿਲਾਂ ਮੇਸੋਪੋਟਾਮਿਆ (ਪੱਛਮੀ ਏਸ਼ੀਆ) ਵਿੱਚ ਹੋਈ ਸੀ। ਸੁਮੇਰੀਅਨ ਸੱਭਿਅਤਾ ਕਾਲ ਵਿੱਚ ਈਸਾ ਤੋਂ 3500 ਸਾਲ ਪਹਿਲਾਂ ਇਸ ਪਹੀਏ ਨੂੰ ਲੱਕੜੀ ਦੇ ਕਈ ਤਖਤਿਆਂ ਨਾਲ ਜੋੜ ਕੇ ਬਣਾਇਆ ਸੀ।
ਮੈਡਮ ਜੀ ਪਹੀਏ ਦਾ ਵਿਕਾਸ ਕਿਵੇਂ ਹੋਇਆ? ਕ੍ਰਿਪਾ ਕਰਕੇ ਦੱਸੋ।
ਲੱਕੜੀ ਦੇ ਪਹੀਏ ਦਾ ਵਿਕਾਸ ਸਮੇਂ ਦੇ ਨਾਲ ਕਈ ਪੜਾਵਾਂ ਵਿੱਚ ਹੋਇਆ।
ਪ੍ਰਾਚੀਨਕਾਲ ਵਿੱਚ ਭਾਰੀ ਵਸਤੂਆਂ ਨੂੰ ਆਸਾਨੀ ਨਾਲ ਲੈ ਜਾਇਆ ਜਾ ਸਕੇ ਇਸ ਦੇ ਲਈ ਭਾਰੀ ਵਸਤੂਆਂ ਦੇ ਹੇਠਾਂ ਰੋਲਰਸ (ਲੱਕੜੀ ਦੇ ਗੋਲ ਲੱਠੇ) ਰੱਖੇ ਜਾਂਦੇ ਸਨ।
ਜੀ, ਮੈਡਮ


ਟੀਚਰ ਜੀ, ਸਲੇਜ ਤਾਂ ਬਰਫੀਲੇ ਇਲਾਕਿਆਂ ਵਿੱਚ ਹੀ ਚਲਦੀ ਹੈ ਨਾ।
ਉਹਨਾਂ ਲੋਕਾਂ ਨੇ ਵਸਤੂਆਂ ਨੂੰ ਇੱਕ ਸਥਾਨ ਤੋਂ ਦੂਸਰੇ ਸਥਾਨ ਤਕ ਲੈ ਜਾਣ ਲਈ ਸਲੇਜ ਦੀ ਕਾਢ ਕੀਤੀ।
ਉਸ ਸਲੇਜ ਨੂੰ ਰੋਲਰ ਤੇ ਰੱਖ ਕੇ ਚਲਾਉਣ ਦੀ ਕੋਸ਼ਿਸ਼ ਕੀਤੀ ਗਈ।
ਟੀਚਰ ਜੀ, ਪਹੀਏ ਦੀ ਖੋਜ ਤਾਂ ਕਾਫੀ ਮਜੇਦਾਰ ਹੈ।
ਉਸ ਦੇ ਬਾਦ ਸਲੇਜ ਦੇ ਹੇਠਾਂ ਲੱਗੇ ਰੋਲਰਸ ਦਾ ਉਪਯੋਗ ਪਹੀਏ ਦੇ ਰੂਪ ਵਿੱਚ ਹੋਣ ਲੱਗਾ। ਹੁਣ ਰੋਲਰਸ ਤੇ ਗਹਿਰੇ ਖਾਂਚੇ ਬਣਾ ਕੇ ਸਲੇਜ ਨੂੰ ਕਾਫੀ ਦੂਰੀ ਤਕ ਲੈ ਜਾਇਆ ਜਾਣ ਲੱਗਾ।


ਇਸ ਤਰ੍ਹਾਂ ਰੋਲਰਸ ਨੂੰ ਪਹੀਏ ਦਾ ਆਕਾਰ ਦਿੱਤਾ ਗਿਆ।
ਫਿਰ ਲੱਕੜੀ ਦੇ ਪਹੀਏ ਲਗਾ ਕੇ ਸਭ ਤੋਂ ਪਹਿਲੀ ਲੱਕੜੀ ਦੀ ਗੱਡੀ ਬਣੀ ਸੀ ਨਾ।
2000 ਈ:ਪੂ: ਦੇ ਆਸਪਾਸ ਇਹ ਪਹੀਏ ਰੱਥਾਂ ਅਤੇ ਬੈਲਗੱਡੀਆਂ ਤੇ ਲਗਾਏ ਗਏ। ਤਦ ਤੋਂ ਇਹਨਾਂ ਪਹੀਆਂ ਦੇ ਵਿਕਾਸ ਵਿੱਚ ਹੋਰ ਤੇਜ਼ੀ ਆਈ। ਜਿਸ ਦਾ ਨਤੀਜਾ ਅਸੀਂ ਅੱਜ ਵੇਖ ਰਹੇ ਹਾਂ।
ਟੀਚਰ ਜੀ, ਟਰੱਕ, ਬੱਸਾਂ ਅਤੇ ਰੇਲਗੱਡੀਆਂ ਵੀ ਤਾਂ ਪਹੀਆਂ ਨਾਲ ਹੀ ਚਲਦੀਆਂ ਹਨ।
ਵੇਖਿਆ ਬੱਚਿਉ! ਪਹੀਏ ਦੀ ਕਾਢ ਅੱਜ ਸਾਡੇ ਕਿੰਨੇ ਕੰਮ ਆ ਰਹੀ ਹੈ।
ਜੀ, ਟੀਚਰ ਜੀ।
ਬੱਚਿਉ! ਮਾਨਵ ਸੱਭਿਅਤਾ ਦੇ ਵਿਕਾਸ ਵਿੱਚ ਪਹੀਏ ਦਾ ਬਹੁਤ ਵੱਡਾ ਯੋਗਦਾਨ ਹੈ।



ਕਹਾਣੀ : ਹਰਜਿੰਦਰ ਪਾਇਲ

# ਨੀਲਾਮ ਬਚਪਨ

ਜਦ ਗਿਆਰਾਂ-ਬਾਰਾਂ ਵਰ੍ਹਿਆਂ ਦੀ ਬਾਲੜੀ, ਹਮ-ਉਮਰ ਕੁੜੀਆਂ ਨੂੰ ਸਕੂਲ ਜਾਂਦਿਆਂ, ਘਰ-ਘਰ ਖੇਡਦਿਆਂ ਅਤੇ ਹਾਨਣਾਂ ਨਾਲ ਨਿੱਕੇ-ਨਿੱਕੇ ਠੱਠੇ ਮਾਰਦਿਆਂ ਵੇਖਦੀ, ਉਹਦੇ ਦਿਲ ਦੀਆਂ ਅੰਦਰਲੀਆਂ ਤਹਿਆਂ 'ਚੋਂ ਇਕ ਟੀਸ ਜਿਹੀ ਨਿਕਲਦੀ। ਉਹ ਸੋਚਦੀ ਉਸ ਦਾ ਬਚਪਨ ਹਾਲਾਂ ਆਉਣਾ ਹੈ ਜਾਂ ਖ਼ਬਰੇ ਉਦੋਂ ਆ ਗਿਆ ਸੀ ਜਦੋਂ ਉਸ ਨੇ ਹੋਸ਼ ਵੀ ਨਹੀਂ ਸੰਭਾਲੀ ਹੋਵੇਗੀ। ਉਸ ਨੂੰ ਆਪਣੀ ਮਾਂ ਦਾ ਕੋਈ ਚੇਤਾ ਨਹੀਂ ਸੀ। ਹੁੰਦਾ ਵੀ ਕਿਵੇਂ, ਉਹ ਉਦੋਂ ਕੇਵਲ ਡੇਢ-ਦੋ ਸਾਲ ਦੀ ਬਾਲੜੀ ਸੀ, ਜਦੋਂ ਉਸ ਦੀ ਮਾਂ ਇਕ ਲੰਮੀ ਬੀਮਾਰੀ ਪਿੱਛੋਂ, ਇਲਾਜ ਦੀ ਅਣਹੋਂਦ ਕਾਰਨ ਰਾਣੀ ਨੂੰ ਉਸ ਦੇ ਸ਼ਰਾਬੀ ਪਿਉ ਰਾਮਦਾਸ ਦੇ ਅਸੁਰੱਖਿਅਤ ਹੱਥਾਂ ਵਿਚ ਛੱਡ ਕੇ ਪਰਲੋਕ ਸਿਧਾਰ ਗਈ ਸੀ।

ਜਦੋਂ ਤੱਕ ਉਸ ਨੇ ਹੋਸ਼ ਸੰਭਾਲੀ, ਮਾਂ ਦਾ ਲਾਡ ਅਤੇ ਉਸ ਦੀ ਮੌਤ ਦਾ ਚਿਹਰਾ ਉਸ ਦੀਆਂ ਅੱਖਾਂ ਤੋਂ ਓਹਲੇ ਹੋ ਚੁੱਕਾ ਸੀ। ਉਹਨੂੰ ਤਾਂ ਕੇਵਲ ਪਤਾ ਸੀ ਸ਼ਰਾਬੀ ਪਿਉ ਦੀ ਮਾਰ ਦਾ ਅਤੇ ਉਸ ਦੀਆਂ ਲਾਲ ਹੋਈਆਂ ਗੱਲ੍ਹਾਂ ਦਾ।

ਕੇਵਲ ਪੰਜ-ਛੇ ਵਰ੍ਹਿਆਂ ਦੀ ਹੀ ਸੀ ਜਦੋਂ ਪਿਉ ਨੇ ਉਸ ਨੂੰ ਗਲੀਆਂ ਅਤੇ ਗੰਦ ਦੇ ਢੇਰਾਂ 'ਚ ਪੁਰਾਣੇ ਕਾਗਜ਼ ਅਤੇ ਗੱਤੇ ਚੁਗਣ ਲਈ ਲਾ ਦਿੱਤਾ ਸੀ। ਉਹ ਉਮਰ, ਜਿਹੜੀ ਕਾਗਜ਼ 'ਤੇ ਲੀਕਾਂ ਵਾਹੁਣ ਦੀ ਸੀ, ਲੀਕਾਂ ਵਾਹੇ ਗਏ ਕਾਗਜ਼ਾਂ ਨੂੰ ਚੁਗਣ ਵਿਚ ਹੀ ਲੰਘਣ ਲੱਗੀ।

ਉਹ ਕਾਗਜ਼ ਚੁਗ ਕੇ ਸ਼ਾਮ ਨੂੰ ਘਰ ਪਰਤਦੀ। ਉਸ ਦੇ ਨਿੱਕੇ-ਨਿੱਕੇ ਹੱਥਾਂ ਦੀ ਮਿਹਨਤ ਨੂੰ ਰਾਮਦਾਸ ਗਿਲਾਸ ਵਿਚ ਪਾ ਕੇ ਆਪਣੇ ਇਕੱਲੇਪਨ ਨੂੰ ਸੰਤੁਸ਼ਟ ਕਰਦਾ। ਉਹਨੂੰ ਕੀ ਪਤਾ ਸੀ ਕਿ ਉਸ ਦੀ ਧੀ ਸਾਰਾ ਦਿਨ ਆਪਣੇ ਕੂਲੇ ਪੋਟਿਆਂ ਨਾਲ ਕਿੰਨੀ ਮਿਹਨਤ ਕਰਕੇ ਉਸ ਦੇ ਗਿਲਾਸ ਦਾ ਹੀਲਾ ਕਰਦੀ ਸੀ। ਮਾਂ ਨੇ ਆਪਣੀ ਧੀ ਦਾ ਨਾਂਅ ਬੜੇ ਲਾਡ ਅਤੇ ਚਾਵਾਂ ਨਾਲ ਰਾਣੀ ਰੱਖਿਆ ਸੀ। ਸ਼ਾਇਦ ਉਹ ਸੋਚਦੀ ਹੋਵੇਗੀ ਕਿ ਮੇਰੀ ਧੀ ਵੀ ਕਿਸੇ ਦੀ ਰਾਣੀ ਬਣੇਗੀ। ਉਸ ਦੇ ਸੁਪਨੇ ਵੀ ਸਿਰੇ ਚੜ੍ਹਨਗੇ। ਪਰ ਨਾਂਅ ਰੱਖਣ ਨਾਲ ਹੀ ਜੇ ਸਭ ਕੁਝ ਦੀ ਪ੍ਰਾਪਤੀ ਹੁੰਦੀ ਤਾਂ ਕਿਸੇ ਦੇ ਸੁਪਨੇ ਕਦੇ ਵੀ ਅਜਾਈਂ ਨਾ ਜਾਣ।

ਜਿਸ ਝੁੱਗੀ ਵਿਚ ਰਾਮਦਾਸ ਰਹਿੰਦਾ ਸੀ, ਉਸ ਦੇ ਲਾਗਲੇ ਪਲਾਟ ਵਿਚ ਹੀ ਇਕ ਆਲੀਸ਼ਾਨ ਕੋਠੀ ਸੀ। ਉਸ ਕੋਠੀ ਵਿਚ ਇਕ ਸਰਕਾਰੀ ਅਫ਼ਸਰ ਸ਼ਰਮਾ ਜੀ ਰਹਿੰਦੇ ਸਨ। ਉਨ੍ਹਾਂ ਦੇ ਬੱਚਿਆਂ ਨੂੰ ਲਾਅਨ ਵਿਚ ਖੇਡਦਿਆਂ ਵੇਖ ਕੇ ਰਾਣੀ ਸੋਚਦੀ ਸੀ ਕਿ ਸ਼ਾਇਦ ਕੋਈ ਹੋਰ ਦੇਸ਼ ਹੈ, ਜਿਥੇ ਰੱਬ ਦੇ ਇਹੋ ਜਿਹੇ ਲੋਕ ਵੀ ਵੱਸਦੇ ਹਨ। ਉਸ ਨੂੰ ਉਸ ਕੋਠੀ ਦੀ ਚਾਰਦੀਵਾਰੀ ਏਨੀ ਉਚੀ ਜਾਪਦੀ





ਜਿਸ ਨੂੰ ਪਾਰ ਕਰਨ ਬਾਰੇ ਉਹ ਕਦੇ ਸੋਚ ਵੀ ਨਹੀਂ ਸੀ ਸਕਦੀ। ਕਈ ਵਾਰ ਸ਼ਰਮਾ ਜੀ ਦੀ ਕੁੜੀ ਜੋ ਉਸ ਦੇ ਹਾਣ ਦੀ ਹੀ ਸੀ, ਸਜ-ਧਜ ਕੇ ਡਰਾਈਵਰ ਨਾਲ ਕਾਰ 'ਚ ਬੈਠ ਕੇ ਜਦੋਂ ਘੁੰਮਣ ਜਾਂਦੀ ਤਾਂ ਰਾਣੀ ਨੂੰ ਇੰਜ ਪ੍ਰਤੀਤ ਹੁੰਦਾ ਜਿਵੇਂ ਉਹ ਕਿਸੇ ਪਰੀਆਂ ਦੇ ਦੇਸ਼ ਦੀ ਸ਼ਹਿਜ਼ਾਦੀ ਹੋਵੇ। ਕਾਗਜ਼ ਚੁਗਦਿਆਂ ਉਸ ਨੇ ਕਈ ਵਾਰ ਆਪਣੇ ਤੋਂ ਵੱਡੀ ਉਮਰ ਦੇ ਮੁੰਡੇ-ਕੁੜੀਆਂ ਨੂੰ ਪਰੀਆਂ ਦੇ ਦੇਸ਼ ਦੀਆਂ ਗੱਲਾਂ ਕਰਦੇ ਸੁਣਿਆ ਵੀ ਸੀ।

ਇਕ ਦਿਨ ਸ਼ਾਮ ਨੂੰ ਜਦੋਂ ਉਹ ਝੁੱਗੀ ਦੇ ਬਾਹਰ ਮਿੱਟੀ ਦਾ ਲੇਪ ਕਰ ਰਹੀ ਸੀ, ਤਾਂ ਸ਼ਰਮਾ ਜੀ ਦਾ ਡਰਾਈਵਰ ਆਇਆ, ਉਸ ਨੇ ਰਾਣੀ ਤੋਂ ਰਾਮਦਾਸ ਬਾਰੇ ਪੁੱਛਿਆ। ਰਾਮਦਾਸ ਆਵਾਜ਼ ਸੁਣ ਕੇ ਅੰਦਰੋਂ ਆਇਆ। ਡਰਾਈਵਰ ਨੇ ਕਿਹਾ, ''ਤੈਨੂੰ ਸਾਹਿਬ ਬੁਲਾ ਰਹੇ ਹਨ ਤੇ ਫਿਰ ਦੂਜੇ ਦਿਨ ਤੋਂ ਰਾਣੀ ਉਸ ਪਰੀ ਲੋਕ ਵਿਚ ਸੀ। ਉਸ ਨੂੰ ਪਰੀ ਲੋਕ ਵਿਚ ਰਹਿਣ ਵਾਲੇ ਜੀਆਂ ਦੀ ਸੇਵਾ 'ਤੇ ਨਿਯੁਕਤ ਕੀਤਾ ਗਿਆ ਸੀ। ਉਹ ਸਵੇਰੇ ਸੂਰਜ ਦੀ ਲੋਅ ਨਜ਼ਰੀਂ ਪੈਂਦਿਆਂ ਹੀ ਸ਼ਰਮਾ ਜੀ ਦੇ ਘਰ ਆ ਜਾਂਦੀ। ਅਜੇ ਸਾਰੇ ਸੁੱਤੇ ਹੁੰਦੇ ਸਨ। ਰਸੋਈ 'ਚੋਂ ਡੋਲੂ ਚੁੱਕ ਕੇ ਉਹ ਲਾਗਲੇ ਗੁੱਜਰਾਂ ਕੋਲੋਂ ਦੁੱਧ ਲੈ ਕੇ ਆਉਂਦੀ। ਵਾਪਸ ਆ ਕੇ ਪਰੀ ਲੋਕ ਦੇ ਪਰਿਵਾਰ ਦੇ ਜੀਆਂ ਲਈ ਚਾਹ ਬਣਾਉਂਦੀ। ਇਸ ਤਰ੍ਹਾਂ ਉਸ ਦੀ ਚਾਹ ਨਾਲ ਇਕ-ਇਕ ਕਰਕੇ ਘਰ ਦੇ ਜੀਅ ਉਠਦੇ ਅਤੇ ਫਿਰ ਉਹ ਘਰ ਦੇ ਕੰਮਾਂ ਵਿਚ ਜੁਟ ਜਾਂਦੀ।



ਕਈ ਵਾਰੀ ਕੰਮ ਕਰਦਿਆਂ ਉਸ ਨੂੰ ਧਿਆਨ ਆਉਂਦਾ ਕਿ ਉਹ ਪਰੀ ਲੋਕ ਬਾਰੇ ਸੁਪਨੇ ਲਿਆ ਕਰਦੀ ਸੀ, ਪਰ ਕਿੱਦਾਂ ਦਾ ਹੈ ਇਹ ਪਰੀਆਂ ਦਾ ਦੇਸ਼, ਜਿਥੇ ਸਾਰਾ ਦਿਨ ਉਸ ਨੂੰ ਹੱਡ ਤੋੜਨੇ ਪੈਂਦੇ ਹਨ। ਮੇਮ ਸਾਹਿਬ ਦੀਆਂ ਗਾਲ੍ਹਾਂ ਖਾਣੀਆਂ ਪੈਂਦੀਆਂ ਹਨ ਤੇ ਉਸ ਦੇ ਹਾਣ ਦੀ ਕੁੜੀ ਲਿੱਲੀ ਲੰਘਦਿਆਂ ਟੱਪਦਿਆਂ ਉਸ ਨੂੰ ਠੁੱਡੇ ਮਾਰ ਜਾਂਦੀ ਹੈ।

ਰਾਣੀ ਸਾਰਾ ਦਿਨ ਕੰਮ ਕਰਦੀ, ਰਾਤ ਨੂੰ ਸਭ ਨੂੰ ਰੋਟੀ-ਪਾਣੀ ਖੁਆ, ਭਾਂਡੇ ਮਾਂਜ ਅਤੇ ਮੇਮ ਸਾਹਿਬ ਦਾ ਦਿੱਤਾ ਬਚਿਆ-ਖੁਚਿਆ ਲੈ ਕੇ ਘਰ ਪਰਤਦੀ। ਰਾਮਦਾਸ ਨਸ਼ੇ ਵਿਚ ਗੁੱਟ ਆਉਂਦਿਆਂ ਹੀ ਉਸ 'ਤੇ ਵਰ੍ਹ ਪੈਂਦਾ ਅਤੇ ਰੋਟੀ ਬਣਾਉਣ ਨੂੰ ਆਖਦਾ।

ਸਮਾਂ ਇੰਜ ਹੀ ਬੀਤਦਾ ਗਿਆ। ਰਾਣੀ ਦਾ ਬਚਪਨ ਨੀਲਾਮੀ 'ਤੇ ਪ੍ਰਵਾਨ ਚੜ੍ਹਦਾ ਰਿਹਾ। ਰਾਮਦਾਸ ਹਰ ਮਹੀਨੇ ਸ਼ਰਮਾ ਜੀ ਦੇ ਘਰ ਜਾਂਦਾ ਅਤੇ ਤਨਖਾਹ ਲੈ ਆਉਂਦਾ। ਮੇਮ ਸਾਹਿਬ ਹਰ ਵਾਰ ਰਾਣੀ ਬਾਰੇ ਉਸ ਨੂੰ ਕੁਝ ਨਾ ਕੁਝ ਸ਼ਿਕਾਇਤਾਂ ਕਰਦੀ। ਉਸ ਦਿਨ ਰਾਣੀ ਦੀ ਸ਼ਾਮਤ ਆ ਜਾਂਦੀ। ਸਾਰਾ ਦਿਨ ਮੇਮ ਸਾਹਿਬ ਦੀਆਂ ਗਾਲ੍ਹਾਂ ਅਤੇ ਰਾਤ ਨੂੰ ਸ਼ਰਾਬੀ ਪਿਉ ਦੀ ਮਾਰ।

ਰਾਮਦਾਸ ਨੇ ਕਿਹਾ, ''ਜੇ ਤੂੰ ਕੰਮ ਚੰਗਾ ਕਰਦੀ ਹੁੰਦੀ ਤਾਂ ਸਾਹਿਬ ਤੈਨੂੰ ਆਪਣੇ ਨਾਲ ਹੀ ਲੈ ਜਾਂਦੇ ਅਤੇ ਮੈਨੂੰ ਤਨਖਾਹ ਉਨ੍ਹਾਂ ਆਪ ਹੀ ਭੇਜ

ਦਿਆ ਕਰਨੀ ਸੀ ਪਰ ਤੂੰ ਤਾਂ ਕੁਝ ਕਰਨ ਜੋਗੀ ਹੈ ਨਹੀਂ। ਮਾਂ ਦੇ ਨਾਲ ਤੂੰ ਵੀ ਕਿਉਂ ਨਾ ਮਰ ਗਈ।''

ਰਾਣੀ ਦਾ ਭੋਲਾ ਦਿਮਾਗ ਇਹ ਸਭ ਕੁਝ ਸਮਝਣ ਦੇ ਅਸਮਰੱਥ ਸੀ। ਅਗਲੀ ਸਵੇਰ ਤੋਂ ਰਾਣੀ ਫਿਰ ਕਾਗਜ਼ ਅਤੇ ਗੱਤੇ ਚੁਗਣ ਜਾਣ ਲੱਗ ਪਈ।



ਹੁਣ ਉਹ ਵੱਡੀ ਹੋ ਗਈ ਸੀ, ਕਾਗਜ਼ ਵੀ ਵਧੇਰੇ ਚੁਗ ਲੈਂਦੀ ਸੀ। ਕਈ ਵਾਰ ਕਿਸੇ ਕਾਗਜ਼ 'ਤੇ ਛਪੀ ਹੋਈ ਸੋਹਣੀ ਜਿਹੀ ਤਸਵੀਰ ਨੂੰ ਵੇਖਦੀ ਰਹਿੰਦੀ ਤੇ ਸੋਚਦੀ ਕਿ ਕਿਸੇ ਨੇ ਏਨੀ ਸੋਹਣੀ ਤਸਵੀਰ ਗੰਦ ਵਿਚ ਕਿਉਂ ਸੁੱਟ ਦਿੱਤੀ।

ਕਦੀ ਉਸ ਨੂੰ ਮੇਮ ਸਾਹਿਬ ਦੇ ਪਰੀ ਲੋਕ ਦਾ ਧਿਆਨ ਆ ਜਾਂਦਾ। ਉਹ ਵੀ ਤਾਂ ਉਸ ਨੂੰ ਪਹਿਲਾਂ ਸੋਹਣਾ ਪ੍ਰਤੀਤ ਹੁੰਦਾ ਸੀ ਪਰ ਉਸ ਦੇ ਸੁਹੱਪਣ ਨੂੰ ਚਾਰ ਵਰ੍ਹੇ ਹੰਢਾਅ ਚੁੱਕੀ ਸੀ।

ਇਕ ਦਿਨ ਕਾਗਜ਼ ਚੁੱਕ ਕੇ ਜਦੋਂ ਉਹ ਸ਼ਾਮ ਨੂੰ ਘਰ ਆਈ ਤਾਂ ਰਾਮਦਾਸ ਆਪਣੇ ਇਕ ਸਾਥੀ ਨਾਲ ਬੈਠਾ ਸ਼ਰਾਬ ਪੀ ਰਿਹਾ ਸੀ। ਰਾਮਦਾਸ ਨੇ ਰਾਣੀ ਨੂੰ ਰੋਟੀ ਬਣਾਉਣ ਲਈ ਕਿਹਾ ਤੇ ਫਿਰ ਉਹ ਦੋਵੇਂ ਆਪਸ ਵਿਚ ਗੱਲਾਂ ਕਰਨ ਲੱਗ ਪਏ। ਰਾਣੀ ਨੂੰ ਉਸ ਦੂਜੇ ਬੰਦੇ ਦੀਆਂ ਨਜ਼ਰਾਂ ਗਿਰਝ ਵਾਂਗੂ ਪ੍ਰਤੀਤ ਹੋ ਰਹੀਆਂ ਸਨ, ਜਿਨ੍ਹਾਂ ਨੂੰ ਉਸ ਨੇ ਕੂੜੇ ਦੇ ਢੇਰ 'ਚੋਂ ਕਾਗਜ਼ ਚੁਗਦਿਆਂ ਹੋਇਆਂ ਕਈ ਵਾਰ ਤੱਕਿਆ ਸੀ। ਪਤਾ ਨਹੀਂ ਕਿਉਂ ਉਸ ਨੂੰ ਇੰਜ ਲੱਗ ਰਿਹਾ ਸੀ ਜਿਵੇਂ ਉਹ ਅੱਖਾਂ ਉਸ ਅੰਦਰ ਸੂਲ ਚੁਭੋ ਰਹੀਆਂ ਹੋਣ। ਉਸ ਆਦਮੀ ਨੇ ਰਾਮਦਾਸ ਨੂੰ ਕਿਹਾ, ''ਆਹ ਤੇਰੀ ਕੁੜੀ ਅੱਜਕਲ੍ਹ ਕੀ ਕਰਦੀ ਏ?''

''ਕੁਝ ਨਹੀਂ, ਬਸ ਸਾਰਾ ਦਿਨ ਕਾਗਜ਼-ਲੀਰਾਂ ਚੁਗ ਲਿਆਉਂਦੀ ਹੈ ਅਤੇ ਵੇਚ-ਵੱਟ ਕੇ ਚਾਰ ਪੈਸੇ ਬਣਾ ਲਈਦੇ ਨੇ।''

''ਇਸ ਨੂੰ ਕਿਤੇ ਕੰਮ ਕਿਉਂ ਨਹੀਂ ਲਾ ਦਿੰਦਾ?'' ਰਾਮਦਾਸ ਨੇ ਖਿਝ ਕੇ ਜਵਾਬ ਦਿੱਤਾ, ''ਆਹ, ਲਾਗਲੀ ਕੋਠੀ ਵਿਚ ਇਸ ਨੇ ਚਾਰ-ਪੰਜ ਸਾਲ ਕੰਮ ਕੀਤਾ ਸੀ। ਚਾਰ ਪੈਸੇ ਸੌਖੇ ਆ ਜਾਂਦੇ ਸਨ। ਹੁਣ ਉਨ੍ਹਾਂ ਦੀ ਬਦਲੀ ਹੋ ਗਈ ਹੈ।''

ਉਸ ਆਦਮੀ ਨੇ ਸੂਲ ਵਿਗੁੱਤੀਆਂ ਨਿਗਾਹਾਂ ਨਾਲ ਰਾਣੀ ਵੱਲ ਤੱਕਦਿਆ ਕਿਹਾ, ''ਮੇਰੇ ਢਾਬੇ 'ਤੇ ਫੁਲਕੇ ਬਣਾਉਣ ਲਈ ਕਿਸੇ ਬੰਦੇ ਦੀ ਲੋੜ ਹੈ, ਜੇ ਕਰ ਚਾਹੇਂ ਤਾਂ ਕੱਲ੍ਹ ਤੋਂ ਇਸ ਨੂੰ ਮੇਰੇ ਕੋਲ ਭੇਜ ਦੇ। ਤਨਖਾਹ ਵੀ ਚੋਖੀ ਦੇ ਦਿਆਂਗਾ ਅਤੇ ਤੇਰਾ ਤੇ ਇਹਦਾ ਰੋਟੀ-ਪਾਣੀ ਮੁਫ਼ਤ।'' ਰਾਮਦਾਸ ਝਟਪਟ ਮੰਨ ਗਿਆ ਅਤੇ ਉਹ ਆਦਮੀ ਉਸ ਨੂੰ ਕੱਲ੍ਹ ਆਉਣ ਲਈ ਕਹਿ ਕੇ ਚਲਾ ਗਿਆ। ਅਗਲੇ ਦਿਨ ਸਵੇਰੇ ਰਾਮਦਾਸ ਨੇ ਘਰੋਂ ਜਾਣ ਲੱਗਿਆਂ ਰਾਣੀ ਨੂੰ ਹਦਾਇਤ ਕੀਤੀ,''ਸੁਰੇਸ਼ ਆਵੇਗਾ, ਤੈਨੂੰ ਲੈਣ, ਉਹਦੇ ਨਾਲ ਚਲੀ ਜਾਵੀਂ ਤੇ ਵੇਖ ਕੰਮ ਠੀਕ ਤਰ੍ਹਾਂ ਕਰੀਂ।'' ਘੰਟੇ ਕੁ ਬਾਅਦ ਸੁਰੇਸ਼ ਆਇਆ ਤੇ ਰਾਣੀ ਨੂੰ ਨਾਲ ਲੈ ਗਿਆ। ਬਚਪਨ ਇਕ ਵਾਰ ਫਿਰ ਨੀਲਾਮ ਹੋ ਗਿਆ ਸੀ।

## *ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ*

*1) ਇੰਦਰਾ ਗਾਂਧੀ*
*2) ਮਹਾਤਮਾ ਗਾਂਧੀ*
*3) ਸੋਨੀਆ ਗਾਂਧੀ*
*4) ਕਸਤੂਰਬਾ ਗਾਂਧੀ*
*5) ਮਹਾਤਮਾ ਗਾਂਧੀ*
*6) ਅਵਧੀ*
*7) ਰਾਜੀਵ ਗਾਂਧੀ*
*8) ਰਤੌਂਧੀ*
*9) ਇੰਦਰਾ ਗਾਂਧੀ*
*10) ਸੀਮਾਂਤ ਗਾਂਧੀ*
*11) ਰਾਜੀਵ ਗਾਂਧੀ*
*12) ਮਹਾਤਮਾ ਗਾਂਧੀ*
*13) ਇੰਦਰਾ ਗਾਂਧੀ*




- ਜ਼ਿਰਾਫ ਪ੍ਰਿਥਵੀ ਤੇ ਮਿਲਣ ਵਾਲਾ ਸਭ ਤੋਂ ਲੰਮਾ ਜਾਨਵਰ ਹੈ। ਆਪਣੀ ਲੰਮੀ ਗਰਦਨ ਕਾਰਣ ਇਹ ਇੱਕ-ਦੋ ਮੰਜ਼ਿਲਾ ਇਮਾਰਤ ਦੀ ਉਚਾਈ ਤੱਕ ਪਹੁੰਚ ਸਕਦਾ ਹੈ। ਇਸ ਦੀ ਲੰਬਾਈ ਲਗਭਗ 5.5 ਮੀਟਰ ਹੁੰਦੀ ਹੈ।
- ਰੇਟਿਕੁਲੇਟਿਨ ਪਾਯਥਨ (ਅਜਗਰ) 10 ਮੀਟਰ ਤਕ ਲੰਮਾ ਹੋ ਸਕਦਾ ਹੈ।
- ਪ੍ਰਿਥਵੀ ਤੇ ਹੁਣ ਤਕ ਮਿਲਣ ਵਾਲਾ ਸਭ ਤੋਂ ਵੱਡਾ ਜਾਨਵਰ ਹੈ - ਨੀਲੀ ਵਹੇਲ। ਇਸ ਦਾ ਭਾਰ ਲਗਭਗ 150 ਟਨ ਹੁੰਦਾ ਹੈ। ਇਹ ਐਨੀ ਲੰਮੀ ਹੁੰਦੀ ਹੈ ਕਿ ਇਸ ਦੀ ਪਿੱਠ ਦੇ ਉਪਰ ਇੱਕ ਕਤਾਰ ਵਿੱਚ 8 ਹਾਥੀ ਖੜੇ ਹੋ ਸਕਦੇ ਹਨ। ਇਸ ਦੀ ਲੰਬਾਈ 30 ਮੀਟਰ ਤਕ ਹੋ ਸਕਦੀ ਹੈ।
- ਵਹੇਲ ਸ਼ਾਰਕ ਵਿਸ਼ਵ ਦੀ ਸਭ ਤੋਂ ਵੱਡੀ ਮੱਛੀ ਹੈ। ਇਸ ਦੀ ਲੰਬਾਈ 15 ਮੀਟਰ ਅਤੇ ਭਾਰ ਲਗਭਗ 40 ਟਨ ਹੁੰਦਾ ਹੈ।
- ਬਲਿਊ ਵਹੇਲ ਮੱਛਲੀ ਆਪਣੇ ਮੂੰਹ ਵਿੱਚ ਆਪਣੇ ਸਰੀਰ ਦੇ ਵਜਨ ਤੋਂ ਜ਼ਿਆਦਾ ਪਾਣੀ ਲੈ ਸਕਦੀ ਹੈ।
- ਨੀਲੀ ਵਹੇਲ ਦੀ ਸੀਟੀ ਦੀ ਆਵਾਜ਼ ਹੋਰ ਜਾਨਵਰਾਂ ਦੀ ਆਵਾਜ਼ ਤੋਂ ਜ਼ਿਆਦਾ ਹੁੰਦੀ ਹੈ।
- ਸ਼ੁਤਰਮੁਰਗ ਵਿਸ਼ਵ ਦਾ ਸਭ ਤੋਂ ਲੰਮਾ ਅਤੇ ਭਾਰੀ ਪੰਛੀ ਹੈ। ਇਸ ਦੀ ਲੰਬਾਈ 2.5 ਮੀਟਰ ਤਕ ਹੁੰਦੀ ਹੈ।
- ਜਿਸ ਦਿਨ ਪੂਰਾ ਚੰਨ੍ਹ ਨਿਕਲਣਾ ਹੁੰਦਾ ਹੈ ਉਸ ਦਿਨ ਸੂਰਜ ਡੁਬਦੇ ਹੀ ਚੰਨ੍ਹ ਦਾ ਨਿਕਲਣਾ ਸ਼ੁਰੂ ਹੋ ਜਾਂਦਾ ਹੈ।
- ਕਿਸੇ ਵਿਅਕਤੀ ਦੀ ਪਛਾਣ ਕਰਨ ਲਈ ਉਸ ਦੇ 'ਫਿੰਗਰ ਪ੍ਰਿੰਟ' ਅਰਥਾਤ ਉਂਗਲੀਆਂ ਦੇ ਨਿਸ਼ਾਨ ਲਏ ਜਾਂਦੇ ਹਨ। ਜੇਕਰ ਕਿਸੇ ਕੁੱਤੇ ਦੀ ਪਛਾਣ ਕਰਨੀ ਹੋਵੇ ਤਾਂ ਉਸ ਦੀ 'ਨੋਜਪ੍ਰਿੰਟ' ਅਰਥਾਤ ਨੱਕ ਦੇ ਪ੍ਰਿੰਟ ਲਏ ਜਾਂਦੇ ਹਨ।
- ਕੇਕੜੇ ਦੇ ਦੰਦ ਢਿੱਡ ਵਿੱਚ ਹੀ ਹੁੰਦੇ ਹਨ।
- ਆਕਟੋਪਸ ਦੀਆਂ ਅੱਖਾਂ ਦੀਆਂ ਪੁਤਲੀਆਂ ਆਇਤਾਕਾਰ ਹੁੰਦੀਆਂ ਹਨ।
- ਬਿੱਛੂ ਦੇ ਜ਼ਹਿਰ ਨਾਲ ਕਈ ਤਰ੍ਹਾਂ ਦੀਆਂ ਦਵਾਈਆਂ ਵੀ ਬਣਾਈਆਂ ਜਾਂਦੀਆਂ ਹਨ।
- ਜੁਗਨੂੰ ਜੀਵ ਦੀਆਂ ਲਗਭਗ ਦੋ ਹਜ਼ਾਰ ਜਾਤੀਆਂ ਹਨ।
- ਭਾਲੂ ਦੇ ਪੈਰ ਵਿੱਚ ਜਦੋਂ ਦਰਦ ਹੁੰਦਾ ਹੈ ਤਾਂ ਉਹ ਸ਼ਹਿਦ ਖਾ ਕੇ ਆਪਣਾ ਦਰਦ ਦੂਰ ਕਰਦਾ ਹੈ।
- ਜੰਗਲੀ ਸੂਰ ਦਾ ਜਦੋਂ ਸਿਰ ਦਰਦ ਹੁੰਦਾ ਹੈ ਤਾਂ ਉਹ ਠੰਡੇ ਪਾਣੀ ਵਿੱਚ ਜਾ ਕੇ ਬੈਠ ਜਾਂਦਾ ਹੈ।
- ਅਸਮਾਨੀ ਪੰਛੀਆਂ ਨੂੰ ਜਦੋਂ ਚੱਕਰ ਆਉਣ ਲੱਗਦੇ ਹਨ ਤਾਂ ਕਿਸੇ ਰੁੱਖ ਤੇ ਬੈਠ ਕੇ ਉਸ ਦੇ ਪੱਤੇ ਸੁੰਘਣਾ ਸ਼ੁਰੂ ਕਰ ਦਿੰਦੇ ਹਨ।

ਪੇਸ਼ਕਸ਼ : ਊਸ਼ਾ ਸਭਰਵਾਲ



ਕਹਾਣੀ : ਕਲਪਨਾਥ ਸਿੰਘ

# ਮੋਤੀ ਜੁਗਨੂੰ

ਸੁੰਦਰਵਨ ਇੱਕ ਬਹੁਤ ਹੀ ਘਣਾ ਜੰਗਲ ਸੀ। ਉਸ ਵਿੱਚ ਛੋਟੇ ਵੱਡੇ ਢੇਰ ਸਾਰੇ ਜਾਨਵਰ ਰਹਿੰਦੇ ਸਨ। ਉਸੇ ਜੰਗਲ ਦੇ ਕਿਨਾਰੇ ਆਪਣੀ ਝੌਂਪੜੀ ਬਣਾ ਕੇ ਇੱਕ ਬੁੱਢੀ ਵੀ ਰਹਿੰਦੀ ਸੀ। ਬੁੱਢੀ ਜੰਗਲ ਦੇ ਸਾਰੇ ਛੋਟੇ-ਵੱਡੇ ਜਾਨਵਰਾਂ ਦੇ ਨਾਲ ਹੀ ਰੁੱਖ-ਪੌਦਿਆਂ ਨੂੰ ਵੀ ਬਹੁਤ ਪਿਆਰ ਕਰਦੀ ਸੀ। ਸਾਰੇ ਜਾਨਵਰਾਂ, ਕੀੜੇ-ਮਕੌੜਿਆਂ ਨੂੰ ਉਹ ਬੇਟਾ ਕਹਿ ਕੇ ਪੁਕਾਰਦੀ ਸੀ। ਇਸ ਲਈ ਸਾਰੇ ਛੋਟੇ-ਵੱਡੇ ਜਾਨਵਰ ਵੀ ਉਸ ਨੂੰ ਮਾਂ ਦੀ ਤਰ੍ਹਾਂ ਹੀ ਸਨਮਾਨ ਦਿੰਦੇ ਸਨ।

ਬੁੱਢੀ ਦੇ ਕਾਰਣ ਹੀ ਉਸ ਜੰਗਲ ਦੇ ਜਾਨਵਰਾਂ ਵਿੱਚ ਕਦੇ ਲੜਾਈ-ਝਗੜਾ ਨਹੀਂ ਹੁੰਦਾ ਸੀ। ਸਾਰੇ ਜਾਨਵਰ ਮੇਲਜੋਲ ਨਾਲ ਰਹਿ ਕੇ ਇੱਕ-ਦੂਸਰੇ ਦੇ ਸੁੱਖ-ਦੁੱਖ ਦਾ ਵੀ ਧਿਆਨ ਰੱਖਦੇ ਸਨ। ਰੁੱਖ-ਪੌਦੇ ਵੀ ਬੁੱਢੀ ਦੇ ਪਿਆਰ ਨਾਲ ਐਨੇ ਖੁਸ਼ ਰਹਿੰਦੇ ਸਨ ਕਿ ਬੁੱਢੀ ਜਿਧਰੋਂ ਨਿਕਲਦੀ, ਰੁੱਖ-ਪੌਦੇ ਆਪਣੇ ਆਪ ਮਿੱਠੇ-ਮਿੱਠੇ ਪੱਕੇ ਫਲ ਡੇਗ ਕੇ ਬੁੱਢੀ ਮਾਂ ਦਾ ਸੁਆਗਤ ਕਰਦੇ ਸਨ। ਇਸ ਲਈ ਬੁੱਢੀ ਨੂੰ ਕਦੇ ਵੀ ਖਾਣ-ਪੀਣ ਦੀ ਚਿੰਤਾ ਨਹੀਂ ਰਹਿੰਦੀ ਸੀ।

ਜੁਗਨੂੰ ਦਾ ਜਨਮ ਦਿਨ ਆਉਣ ਵਾਲਾ ਸੀ। ਇੱਕ ਦਿਨ ਸ਼ਾਮ ਨੂੰ ਬੁੱਢੀ ਮਾਂ ਆਪਣੀ ਝੌਂਪੜੀ ਦੇ ਬਾਹਰ ਬਹੁਤ ਹੀ ਚਿੰਤਿਤ ਅਤੇ ਉਦਾਸ ਬੈਠੀ ਸੀ। ਤਦੇ ਉਧਰੋਂ ਇੱਕ ਛੋਟਾ ਜਿਹਾ ਕੀੜਾ ਨਿਕਲਿਆ ਅਤੇ ਬੁੱਢੀ ਮਾਂ ਨੂੰ ਚਿੰਤਿਤ ਵੇਖ ਕੇ ਪੁੱਛ ਬੈਠਾ – ਮਾਂ ਅੱਜ ਤੂੰ ਐਨੀ ਚਿੰਤਿਤ ਅਤੇ ਉਦਾਸ ਕਿਉਂ ਬੈਠੀ ਹੈ? ਕੀ ਕਿਸੇ ਜਾਨਵਰ ਨੇ ਤੈਨੂੰ ਕੁੱਝ ਕਿਹਾ ਹੈ?

– ਨਹੀਂ ਬੇਟਾ। ਮੈਨੂੰ ਕਿਸੇ ਨੇ ਵੀ ਕੁੱਝ ਨਹੀਂ ਕਿਹਾ ਹੈ।

– ਤਾਂ ਮਾਂ ਤੂੰ ਅੱਜ ਐਨੀ ਚਿੰਤਤ ਅਤੇ ਉਦਾਸ ਕਿਉਂ ਹੋ?

– ਕੀ ਕਰੋਗੇ ਬੇਟਾ, ਜਾਣ ਕੇ। ਮੇਰੀ ਚਿੰਤਾ ਅਤੇ ਉਦਾਸੀ ਤੇਰੇ ਤੋਂ ਦੂਰ ਨਹੀਂ ਹੋ ਸਕਦੀ ਹੈ?

– ਮਾਂ ਤੂੰ ਇੰਝ ਕਿਉਂ ਸੋਚਦੀ ਹੋ? ਮੈਨੂੰ ਛੋਟਾ ਜਿਹਾ ਕੀੜਾ ਨਾ ਸਮਝ, ਮਾਂ, ਤੂੰ ਆਪਣੀ ਚਿੰਤਾ ਦੱਸ। ਮੈਂ ਪ੍ਰਾਣ ਦੇ ਕੇ ਵੀ ਤੇਰੀ ਚਿੰਤਾ ਅਤੇ ਉਦਾਸੀ ਦੂਰ ਨਾ ਕਰ ਦੇਵਾਂ ਤਾਂ ਮੇਰੇ ਜੀਣ ਤੇ ਵੀ ਧਿਕਾਰ ਹੈ।

ਛੋਟੇ ਕੀੜੇ ਦਾ ਇਹ ਸਾਹਸ, ਇਹ ਉਤਸਾਹ ਵੇਖ ਕੇ ਬੁੱਢੀ ਗਦਗਦ ਹੋ ਗਈ ਅਤੇ ਨਾ ਚਾਹੁੰਦੇ ਹੋਏ ਵੀ ਬੋਲੀ- ਬੇਟਾ, ਤੇਰਾ ਜਨਮ ਦਿਨ ਆਉਣ ਵਾਲਾ ਹੈ। ਲੇਕਿਨ ਮੇਰੇ ਜੰਗਲ ਵਿੱਚ ਦਿਨ ਨੂੰ ਵੀ ਘੁੱਪ – ਹਨ੍ਹੇਰਾ ਰਹਿੰਦਾ ਹੈ। ਵਿਚਾਰੇ ਜਾਨਵਰਾਂ ਦੇ ਕੋਲ ਦੀਪਕ, ਤੇਲ, ਬੱਤੀ ਤਾਂ ਹੈ ਨਹੀਂ ਕਿ ਮੈਂ ਉਹਨਾਂ ਨੂੰ ਕਹਾਂ ਕਿ ਜੰਗਲ ਵਿੱਚ ਵੀ ਰੋਸ਼ਨੀ ਹੋਣੀ ਚਾਹੀਦੀ ਹੈ। ਇਸ ਲਈ ਬੇਟਾ ਮੈਂ ਚਿੰਤਿਤ ਹਾਂ ਅਤੇ ਉਦਾਸ ਹਾਂ ਕਿ ਕੋਈ ਅਜਿਹਾ ਉਪਾਅ ਹੁੰਦਾ ਕਿ ਮੇਰੇ ਜੰਗਲ ਵਿੱਚ ਮੇਰੇ ਬੇਟੇ ਵੀ ਜਨਮ ਦਿਨ ਮਨਾ ਕੇ ਜੰਗਲ ਨੂੰ ਜਗਮਗ ਕਰ ਦਿੰਦੇ।

ਬੁੱਢੀ ਦੀ ਗੱਲ ਸੁਣ ਕੇ ਉਹ ਛੋਟਾ ਜਿਹਾ ਕੀੜਾ ਕੁੱਝ ਸੋਚਣ ਲਗਾ। ਸੋਚ ਕੇ ਉਹ ਕੁੱਝ ਹੀ ਦੇਰ ਵਿੱਚ ਬੋਲ ਪਿਆ– ਮਾਂ, ਤੂੰ ਚਿੰਤਾ ਨਾ ਕਰ।

ਮੈਂ ਤੇਰੀ ਸਾਰੀ ਚਿੰਤਾ ਅਤੇ ਉਦਾਸੀ ਹੁਣ ਦੂਰ ਕਰਕੇ ਹੀ ਰਹਾਂਗਾ।

– ਤੂੰ ਕਿਵੇਂ ਮੇਰੀ ਚਿੰਤਾ ਅਤੇ ਉਦਾਸੀ ਦੂਰ ਕਰੇਗਾ ਬੇਟਾ? ਮੈਂ ਵੀ ਤਾਂ ਸੁਣਾ। ਮਾਂ ਤੂੰ ਅਸ਼ੀਰਵਾਦ ਦੇ ਕਿ ਮੈਂ ਆਪਣੀ ਮੁਹਿੰਮ ਵਿੱਚ ਸਫਲ ਰਹਾਂ। ਹੁਣ ਜਾਂ ਤਾਂ ਮੈਂ ਤੇਰੀ ਚਿੰਤਾ ਅਤੇ ਉਦਾਸੀ ਦੂਰ ਕਰਕੇ ਰਹਾਂਗਾ ਨਹੀਂ ਤਾਂ ਆਪਣੇ ਪ੍ਰਾਣ ਦੇ ਦੇਵਾਂਗਾ। ਬਸ ਅੱਗੇ ਨਾ ਪੁੱਛੋ। ਮੈਨੂੰ ਕੇਵਲ ਅਸ਼ੀਰਵਾਦ ਦਿਉ।

– ਯੁਗ-ਯੁਗ ਜੀਉ, ਮੇਰੇ ਲਾਲ। ਤੂੰ ਆਪਣੇ ਮੰਤਵ ਵਿੱਚ ਸਫਲ ਹੋ, ਇਹ ਮੈਂ ਤੈਨੂੰ ਦਿਲ ਤੋਂ ਅਸ਼ੀਰਵਾਦ ਦਿੰਦੀ ਹਾਂ।



ਉਹ ਛੋਟਾ ਜਿਹਾ ਕੀੜਾ ਬੁੱਢੀ ਮਾਂ ਦੇ ਚਰਣ ਸਪਰਸ਼ ਕਰਕੇ ਅਸ਼ੀਰਵਾਦ ਲੈ ਕੇ ਉਡ ਗਿਆ। ਉਡਦੇ-ਉਡਦੇ ਹਨ੍ਹੇਰੀ-ਤੁਫਾਨਾਂ ਦਾ ਮੁਕਾਬਲਾ ਕਰਦੇ-ਕਰਦੇ ਕਈ ਦਿਨਾਂ ਬਾਦ ਉਹ ਤਾਰਿਆਂ ਦੇ ਦੇਸ਼ ਪਹੁੰਚ ਗਿਆ।

ਸ਼ਾਮ ਦਾ ਸਮਾਂ ਸੀ। ਸਾਰੇ ਦੇ ਸਾਰੇ ਤਾਰੇ ਆਕਾਸ਼ ਵਿੱਚ ਚਮਕ-ਦਮਕ ਕੇ ਖੇਡ-ਕੁੱਦ ਰਹੇ ਸਨ। ਤਦੇ ਇੱਕ ਤਾਰੇ ਸੋਨੂੰ ਦੀ ਨਜ਼ਰ ਉਸ ਕੀੜੇ ਤੇ ਪਈ ਤਾਂ ਉਹ ਖੁਸ਼ੀ ਨਾਲ ਉਛਲ ਕੇ ਚੀਕ ਪਿਆ – ਉਹ ਵੇਖੋ ਕੋਈ ਛੋਟਾ ਜਿਹਾ ਕੀੜਾ, ਧਰਤੀ ਤੋਂ ਉਡਦਾ ਹੋਇਆ ਆ ਗਿਆ। ਸੋਨੂੰ ਦੇ ਐਨਾ ਕਹਿੰਦੇ ਹੀ ਸਾਰੇ ਤਾਰਿਆਂ ਨੇ ਉਸ ਕੀੜੇ ਨੂੰ ਘੇਰ ਲਿਆ ਅਤੇ ਖੁਸ਼ੀ ਨਾਲ ਪੁੱਛ ਬੈਠੇ – ਭਾਈ, ਤੂੰ ਕਿਥੋਂ ਆਇਆ ਹੈ ਅਤੇ ਤੇਰਾ ਨਾਮ ਕੀ ਹੈ?

– ਭਾਈ ਮੈਂ ਧਰਤੀ ਤੋਂ ਆਇਆ ਹਾਂ ਅਤੇ ਮੇਰਾ ਨਾਮ ਮੋਤੀ ਜੁਗਨੂੰ ਹੈ।

– ਤਾਂ ਇਥੇ ਕਿਵੇਂ ਆ ਗਿਆ? -ਸਾਰੇ ਤਾਰੇ ਪਿਆਰ ਨਾਲ ਇੱਕਠੇ ਬੋਲ ਪਏ।

– ਤੁਹਾਨੂੰ ਲੋਕਾਂ ਨੂੰ ਮਿਲਣ ਅਤੇ ਇੱਕ ਚੀਜ਼ ਮੰਗਣ ਆਇਆ ਹਾਂ, ਭਾਈ।

– ਬੋਲੋ-ਬੋਲੋ! ਕੀ ਚਾਹੀਦਾ ਹੈ? ਅਸੀਂ ਲੋਕ ਤੈਨੂੰ ਹੁਣੇ ਦੇਣ ਲਈ ਤਿਆਰ ਹਾਂ। -ਸੋਨੂੰ ਦੀ ਗੱਲ ਸੁਣ ਕੇ ਸਾਰੇ ਤਾਰੇ ਉਤਸਾਹ ਨਾਲ ਇੱਕਠੇ ਬੋਲ ਪਏ।

ਤਾਰਿਆਂ ਦਾ ਪਿਆਰ ਅਤੇ ਉਹਨਾਂ ਦਾ ਉਤਸ਼ਾਹ ਵੇਖ ਕੇ ਮੋਤੀ ਜੁਗਨੂੰ ਕੀੜੇ ਦੀ ਛਾਤੀ ਫੁੱਲ ਗਈ। ਉਹ ਨਿਮਰ ਹੋ ਕੇ ਬੋਲ ਪਿਆ- ਤਾਰੇ ਭਰਾਵੋ, ਧਰਤੀ ਤੇ ਹਰ ਸਾਲ ਮੇਰਾ ਜਨਮ ਦਿਨ ਮਨਾਇਆ ਜਾਂਦਾ ਹੈ ਲੇਕਿਨ ਅਸੀਂ ਜੰਗਲ ਵਾਲਿਆਂ ਦੇ ਕੋਲ ਨਾ ਦੀਵਾ ਹੁੰਦਾ ਹੈ ਨਾ ਤੇਲ-ਬੱਤੀ। ਤੁਸੀਂ ਸਾਨੂੰ ਥੋੜਾ ਜਿਹਾ ਉਜਾਲਾ ਦੇ ਦਿਉ ਕਿ ਅਸੀਂ ਜੰਗਲ ਵਿੱਚ ਵੀ ਹਰ ਸਾਲ ਜਨਮ ਦਿਨ ਮਨਾਉਣ ਲੱਗੀਏ।

– ਮਿੱਤਰ! ਤੂੰ ਜਿਨਾ ਚਾਹੇ ਉਜਾਲਾ ਲੈ ਜਾ। ਅਸੀਂ ਲੋਕ ਤਾਂ ਧਰਤੀ ਵਾਲਿਆਂ ਨੂੰ ਬਹੁਤ ਪਿਆਰ ਕਰਦੇ ਹਾਂ। ਅਸੀਂ ਲੋਕ ਤਾਂ ਖੁਦ ਚਾਹੁੰਦੇ ਹਾਂ ਕਿ ਧਰਤੀ ਵੀ ਸਾਡੇ ਲੋਕਾਂ ਵਾਂਗ ਸਵਰਗ ਬਣ ਜਾਏ। ਤੂੰ ਜਿੰਨਾ ਚਾਹੇ ਉਜਾਲਾ ਲੈ ਜਾ।

ਜੁਗਨੂੰ ਨੂੰ ਤਾਂ ਇੰਝ ਲੱਗਾ ਕਿ ਮੂੰਹ ਮੰਗਿਆ ਵਰਦਾਨ ਮਿਲ ਗਿਆ। ਉਹ ਤੁਰੰਤ ਇੱਕ ਗੱਠੜੀ ਉਜਾਲਾ ਬੰਨ੍ਹ ਕੇ ਧਰਤੀ ਵੱਲ ਚੱਲਣ ਲਗਾ ਤਾਂ



ਬੁੱਢੀ ਮਾਂ ਦਾ ਅਸ਼ੀਰਵਾਦ ਪਾ ਕੇ ਛੋਟਾ ਮੋਤੀ ਜੁਗਨੂੰ ਆਪਣੇ ਇੱਕ-ਇੱਕ ਸਾਥੀ ਜੁਗਨੂੰ ਨੂੰ ਉਜਾਲਾ ਵੰਡਣ ਲੱਗਾ। ਜਨਮ ਦਿਨ ਤਕ ਉਸ ਨੇ ਸਾਰੇ ਜੁਗਨੂੰਆਂ ਨੂੰ ਉਜਾਲਾ ਵੰਡ ਦਿੱਤਾ।

ਸ਼ਾਮ ਹੁੰਦੇ ਹੀ ਉਧਰ ਪਿੰਡ ਵਿੱਚ, ਨਗਰ ਵਿੱਚ, ਦੀਵੇਂ ਜਿਉਂ ਹੀ ਜਗਣ ਲਗੇ ਕਿ ਇੱਧਰ ਜੰਗਲ ਵਿੱਚ ਵੀ ਰੌਣਕ ਛਾ ਗਈ। ਸਾਰੇ ਦੇ ਸਾਰੇ ਜੁਗਨੂੰਆਂ ਨੇ ਰੁੱਖਾਂ ਦੇ ਪੱਤਿਆਂ ਤੇ ਆਪਣਾ ਉਜਾਲਾ ਕਰਕੇ ਜੰਗਲ ਦਾ ਕੋਨਾ-ਕੋਨਾ ਜਗਮਗਾ ਦਿੱਤਾ।

ਇਸ ਤਰ੍ਹਾਂ ਇੱਕ ਛੋਟੇ ਜਿਹੇ ਮੋਤੀ ਜੁਗਨੂੰ ਦੇ ਸਾਹਸ ਅਤੇ ਦ੍ਰਿੜ ਪ੍ਰਣ ਨਾਲ ਸਾਰੇ ਜੁਗਨੂੰਆਂ ਨੂੰ ਬਿਨਾ ਤੇਲ, ਬੱਤੀ ਦੇ ਉਜਾਲਾ ਮਿਲ ਗਿਆ। ਹੁਣ ਜਦ ਵੀ ਹਨ੍ਹੇਰੀ ਰਾਤ ਹੁੰਦੀ ਹੈ ਉਹ ਆਪਣੇ ਉਜਾਲੇ ਨਾਲ ਹਰ ਸਮੇਂ ਜੰਗਲ ਹੀ ਨਹੀਂ, ਪਿੰਡ, ਸ਼ਹਿਰ ਵਿੱਚ ਵੀ ਆ ਕੇ ਆਪਣਾ ਉਜਾਲਾ ਬਿਖੇਰ ਦਿੰਦੇ ਹਨ।

ਬੁੱਢੀ ਮਾਂ ਨੇ ਆਪਣੇ ਬੇਟੇ ਮੋਤੀ ਜੁਗਨੂੰ ਨੂੰ ਗਲ ਨਾਲ ਲਗਾ ਲਿਆ। ਫਿਰ ਗਦਗਦ ਹੋ ਕੇ ਬੋਲ ਪਈ- ਬੇਟਾ ਮੋਤੀ! ਤੂੰ ਇੱਕ ਅਸੰਭਵ ਕਾਰਜ ਨੂੰ ਸੰਭਵ ਬਣਾ ਦਿੱਤਾ। ਤੇਰੀ ਤਰ੍ਹਾਂ ਜੇਕਰ ਕੋਈ ਵੀ ਮਨ ਵਿੱਚ ਦ੍ਰਿੜ ਸੰਕਲਪ ਕਰ ਲਏ ਤਾਂ ਕੋਈ ਵੀ ਕੰਮ ਇਸ ਸੰਸਾਰ ਵਿੱਚ ਅਸੰਭਵ ਨਹੀਂ ਹੈ।

ਪੂਰੀ ਗੱਲ ਜਾਣ ਕੇ ਅਤੇ ਜੰਗਲ ਦੀ ਰੌਣਕ ਵੇਖ ਕੇ ਸਾਰੇ ਜਾਨਵਰਾਂ ਨੇ ਦੂਸਰੇ ਦਿਨ 'ਬੁੱਢੀ ਮਾਂ ਜ਼ਿੰਦਾਬਾਦ', 'ਮੋਤੀ ਜੁਗਨੂੰ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਜੰਗਲ ਦਾ ਕੋਨਾ-ਕੋਨਾ ਗੂੰਜਾ ਦਿੱਤਾ।

ਸਾਰੇ ਤਾਰੇ ਫਿਰ ਬੋਲ ਪਏ - ਭਾਈ, ਮੋਤੀ ਜੁਗਨੂੰ, ਉਂਝ ਇਸ ਉਜਾਲੇ ਨੂੰ ਜਿੰਨਾ ਵੀ ਵੰਡੋਗੇ ਘੱਟ ਨਹੀਂ ਹੋਵੇਗਾ। ਫਿਰ ਵੀ ਜੇ ਘੱਟ ਹੋਵੇਗਾ ਤਾਂ ਤੂੰ ਫੌਰਨ ਆ ਕੇ ਜਿੰਨਾ ਚਾਹੇ ਓਨਾ ਲੈ ਜਾਣਾ। ਇਸ ਉਜਾਲੇ ਨੂੰ ਨਾ ਤਾਂ ਤੇਲ ਚਾਹੀਦਾ ਹੈ ਨਾ ਬੱਤੀ।

ਜੁਗਨੂੰ ਖੁਸ਼ੀ ਵਿੱਚ ਝੂੰਮਦਾ ਹੋਇਆ ਉਜਾਲੇ ਦੀ ਗਠੜੀ ਲੈ ਕੇ ਧਰਤੀ ਵੱਲ ਵਾਪਸ ਆ ਕੇ ਪਹਿਲਾਂ ਬੁੱਢੀ ਮਾਂ ਦੇ ਕੋਲ ਆ ਕੇ ਬੋਲਿਆ- ਮਾਂ, ਮੈਂ ਆਪਣੀ ਮੁਹਿੰਮ ਵਿੱਚ ਸਫਲ ਹੋ ਗਿਆ। ਹੁਣ ਤੂੰ ਚਿੰਤਾ ਨਾ ਕਰ। ਮੇਰੇ ਜਨਮ ਦਿਨ ਵਾਲੇ ਦਿਨ ਵੇਖਣਾ ਕਿ ਜੰਗਲ ਦੀ ਰੌਣਕ ਕਿਵੇਂ ਹੁੰਦੀ ਹੈ?

- ਖੁਸ਼ ਰਹੋ ਬੇਟਾ। ਮੈਨੂੰ ਤਾਂ ਬੜੀ ਚਿੰਤਾ ਹੋ ਰਹੀ ਗਈ ਸੀ ਕਿ ਨਾ ਜਾਣੇ ਮੇਰਾ ਛੋਟਾ-ਜਿਹਾ ਲਾਲ ਕਿਥੇ ਭਟਕ ਰਿਹਾ ਹੋਵੇਗਾ? ਕਿਥੇ ਗਏ ਸੀ ਬੇਟਾ?

ਮਾਂ ਤੈਨੂੰ ਪੂਰੀ ਗੱਲ ਬਾਦ ਵਿੱਚ ਦੱਸਾਂਗਾ। ਪਹਿਲਾਂ ਮੈਨੂੰ ਦੀਵਾਲੀ ਦਾ ਇੰਤਜਾਮ ਕਰਨ ਦਿਉ। ਆਗਿਆ ਹੈ ਨਾ ਮਾਂ? -ਜੁਗਨੂੰ ਬੋਲਿਆ।

- ਜਾਉ-ਜਾਉ ਬੇਟਾ। ਖੁਸ਼ ਰਹੋ। ਮਗਨ ਰਹੋ, ਸਫਲ ਰਹੋ।

**ਪਿਆਰੇ ਬੱਚਿਉ! ਇੱਕ ਮੋਤੀ ਜੁਗਨੂੰ ਦੀ ਮਿਹਨਤ ਨਾਲ ਸਾਰੇ ਜੁਗਨੂੰਆਂ ਨੂੰ ਇੱਕ ਅਜਿਹਾ ਉਜਾਲਾ ਮਿਲ ਗਿਆ ਜੋ ਕਦੇ ਵੀ ਖ਼ਤਮ ਨਹੀਂ ਹੋਣ ਵਾਲਾ ਹੈ।**



*ਸਿਹਤ ਵਧਾਊ ਲੇਖ : ਪਰਿਧੀ ਜੈਨ*

# ਗੁਣਾਂ ਦੀ ਖਾਨ ਆਂਵਲਾ

ਆਂਵਲੇ ਨੂੰ ਸਾਡੇ ਪੁਰਖਿਆਂ ਨੇ 'ਧਾਤਰੀਫਲ' ਦਾ ਨਾਮ ਦਿੱਤਾ ਹੈ ਅਰਥਾਤ ਜੋ ਮਾਨਵ ਦਾ ਪਾਲਣ-ਪੋਸ਼ਣ ਕਰੇ।

ਆਂਵਲੇ ਦਾ ਇਸਤੇਮਾਲ ਭੋਜਨ ਵਿੱਚ ਕਰਨ ਨਾਲ ਜਿਥੇ ਸਾਡੀ ਸਿਹਤ ਚੰਗੀ ਰਹਿੰਦੀ ਹੈ ਉਥੇ ਇਹ ਸਾਨੂੰ ਅਨੇਕ ਬੀਮਾਰੀਆਂ ਤੋਂ ਬਚਾਉਂਦਾ ਵੀ ਹੈ ਕਿਉਂਕਿ ਆਂਵਲੇ ਵਿੱਚ ਵਿਟਾਮਿਨ 'ਸੀ' ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਕੁੱਝ ਵਿਅਕਤੀ ਤਾਂ ਆਵਲਾ ਕੱਚਾ ਹੀ ਖਾ ਲੈਂਦੇ ਹਨ। ਇਸ ਦਾ ਸਵਾਦ ਕਸੈਲਾ ਹੁੰਦਾ ਹੈ। ਦਵਾਈ ਦੇ ਰੂਪ ਵਿੱਚ ਵੀ ਇਸਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਵਾਲਾਂ ਲਈ ਆਂਵਲਾ ਵਰਦਾਨ ਹੈ। ਇਸ ਦੇ ਨਿਯਮਿਤ ਪ੍ਰਯੋਗ ਨਾਲ ਵਾਲ ਕਾਲੇ, ਘਣੇ ਅਤੇ ਲੰਮੇ ਹੁੰਦੇ ਹਨ। ਆਂਵਲੇ ਦੀ ਤਾਸੀਰ ਠੰਡੀ ਹੁੰਦੀ ਹੈ। ਇਸ ਲਈ ਸਰਦੀਆਂ ਵਿੱਚ ਸਵੇਰੇ ਇਸਦਾ ਮੁਰੱਬਾ ਖਾਣ ਨਾਲ ਵਿਟਾਮਿਨ 'ਸੀ' ਅਤੇ ਵਿਟਾਮਿਨ 'ਡੀ' ਦੋਨੋਂ ਹੀ ਸਰੀਰ ਨੂੰ ਮਿਲ ਜਾਂਦੇ ਹਨ।

ਠੰਡ ਦੇ ਮੌਸਮ ਨੂੰ ਦੰਦਕਥਾਵਾਂ ਅਤੇ ਮੈਡੀਕਲ ਮਤਾਂ ਨਾਲ 'ਹੈਲਦੀ ਸੀਜਨ' (ਸਿਹਤ ਵਧਾਊ) ਕਿਹਾ ਜਾਂਦਾ ਹੈ। ਇਸ ਮੌਸਮ ਵਿੱਚ ਸ਼ਕਰਕੰਦ, ਅਮਰੂਦ, ਮੁੰਗਫਲੀ, ਅਦਰਕ, ਹਲਦੀ, ਟਮਾਟਰ, ਗਾਜਰ ਆਦਿ ਕੁਦਰਤ ਦੇ ਅਮੁੱਲੇ ਉਪਹਾਰਾਂ ਦੇ ਰੂਪ ਵਿੱਚ ਸਾਨੂੰ ਪ੍ਰਾਪਤ ਹੁੰਦੇ ਹਨ। ਸਾਰੀਆਂ ਚੀਜ਼ਾਂ ਆਪਣੀ ਉਤਮਤਾ ਲਈ ਸਿਹਤ ਲਈ ਵਰਦਾਨ ਹਨ। ਇਹਨਾਂ ਸਾਰੇ ਫਲਾਂ ਵਿੱਚ ਦਵਾਈ ਦੇ ਗੁਣਾਂ ਨਾਲ ਔਤ-ਪ੍ਰੋਤ ਫਲ ਆਂਵਲਾ ਹੈ, ਜੋ ਸਾਨੂੰ ਸਿਰਫ ਠੰਡ ਦੀ ਰੁੱਤ ਵਿੱਚ ਹੀ ਮਿਲਦਾ ਹੈ। ਵਿਟਾਮਿਨ 'ਸੀ' ਨਾਲ ਭਰਪੂਰ ਇਹ ਫਲ ਸੁਕਾਉਣ, ਗਰਮ ਕਰਨ, ਪਕਾਉਣ ਜਾਂ ਚੂਰਣ ਦੇ ਰੂਪ ਵਿੱਚ ਸੁਰੱਖਿਅਤ ਰੱਖਣ ਤੇ ਵੀ ਆਪਣੇ ਵਿਟਾਮਿਨਾਂ ਦਾ ਸਵਰੂਪ ਜੀਵੰਤ ਰੱਖਦਾ ਹੈ। ਇਸ ਨੂੰ ਆਪ ਅਚਾਰ, ਚਟਨੀ ਮੁਰੱਬਾ ਜਾਂ ਹੋਰ ਕਿਸੇ ਰੂਪ ਵਿੱਚ ਸੁਰੱਖਿਅਤ ਕਰਕੇ, ਕਿਸੇ ਵੀ ਮੌਸਮ ਵਿੱਚ ਉਪਯੋਗ ਕਰ ਸਕਦੇ ਹੋ। ਠੰਡ ਦੀ ਰੁੱਤ ਵਿੱਚ ਸੁਰੱਖਿਅਤ ਆਂਵਲੇ ਨਾਲ ਬਣੇ ਪਦਾਰਥਾਂ ਦਾ ਗਰਮੀਆਂ ਵਿੱਚ ਸੇਵਨ ਅੰਮ੍ਰਿਤ ਦੇ ਬਰਾਬਰ ਹੁੰਦਾ ਹੈ। ਇਹ ਅੱਖਾਂ ਦੀ ਜੋਤੀ ਲਈ ਵਧੀਆ ਹੈ ਹੀ, ਇਸ ਦੇ ਨਾਲ ਹੀ ਹਿਰਦੇ ਧਮਣੀਆਂ ਦੀ ਰੁਕਾਵਟ ਨੂੰ ਦੂਰ ਕਰਕੇ ਖ਼ੂਨ ਦੇ ਪ੍ਰਵਾਹ ਨੂੰ ਨਿਯਮਿਤ ਰੱਖਣ, ਸਰੀਰ ਦੇ ਬਾਕੀ ਅੰਗਾਂ ਦੀ ਗਰਮੀ ਨੂੰ ਦੂਰ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ।

ਆਂਵਲੇ ਨੂੰ ਅਸੀਂ ਵਿਗਿਆਨਕ ਕਸੌਟੀ ਤੇ ਵਿਸ਼ਲੇਸ਼ਿਤ ਕਰੀਏ ਤਾਂ ਵੇਖਾਂਗੇ ਕਿ ਪ੍ਰਤੀ 100 ਗ੍ਰਾਮ ਆਂਵਲੇ ਵਿੱਚ 600 ਮਿਲੀਗ੍ਰਾਮ ਵਿਟਾਮਿਨ 'ਸੀ' ਰਹਿੰਦਾ ਹੈ। ਇਸ ਦੇ ਇਲਾਵਾ ਪ੍ਰੋਟੀਨ, ਵਸਾ, ਰੇਸ਼ਾ, ਕੈਲਸ਼ੀਅਮ, ਖਣਿਜ ਲਵਣ, ਫਾਸਫੋਰਸ, ਲੋਹਾ ਬਾਕੀ ਫਲਾਂ ਦੀ ਤੁਲਨਾ ਵਿੱਚ ਆਂਵਲੇ ਵਿੱਚ ਜ਼ਿਆਦਾ

ਰਹਿੰਦਾ ਹੈ। ਇੱਕ ਆਂਵਲੇ ਵਿੱਚ 2 ਸੰਤਰਿਆਂ ਜਾਂ ਪੰਜ ਕੇਲਿਆਂ ਦੇ ਬਰਾਬਰ ਵਿਟਾਮਿਨ 'ਸੀ' ਰਹਿੰਦਾ ਹੈ। ਖ਼ੂਨ ਵਿਕਾਰ ਦੂਰ ਕਰਨ ਵਿੱਚ ਆਂਵਲੇ ਵਰਗਾ ਕੋਈ ਦੂਸਰਾ ਫਲ ਨਹੀਂ ਹੁੰਦਾ ਹੈ। ਆਪਣੀ ਠੰਡੀ ਤਸੀਰ ਦੇ ਕਾਰਣ ਇਹ ਖ਼ੂਨ ਦੀ ਗਰਮੀ ਅਤੇ ਚਿਤ ਦੇ ਦੋਸ਼ਾਂ ਨੂੰ ਤਾਂ ਦੂਰ ਕਰਦਾ ਹੀ ਹੈ, ਦਿਮਾਗ ਅਤੇ ਹਿਰਦੇ ਦੀਆਂ ਕੋਸ਼ਿਕਾਵਾਂ ਨੂੰ ਦਰੁਸਤ ਰੱਖਦਾ ਹੈ। ਭੋਜਨ ਤੋਂ ਪਹਿਲਾਂ ਜਾਂ ਭੋਜਨ ਦੇ ਬਾਦ ਕਿਸੇ ਵੀ ਰੂਪ ਵਿੱਚ ਆਂਵਲੇ ਦਾ ਸੇਵਨ ਲਾਭਦਾਇਕ ਹੁੰਦਾ ਹੈ। ਇਹ ਪਾਇਰੀਆ ਰੋਗ ਨੂੰ ਰੋਕਣ ਵਿੱਚ ਸਮਰੱਥ ਹੈ। ਇਸ ਦੇ ਬਰੀਕ ਸੁੱਕੇ ਚੂਰਣ ਨੂੰ ਮੰਜਨ ਦੇ ਰੂਪ ਵਿੱਚ ਇਸਤੇਮਾਲ ਕਰਨ ਨਾਲ ਦੰਦ ਮਜ਼ਬੂਤ ਅਤੇ ਚਮਕਦਾਰ ਤਾਂ ਹੁੰਦੇ ਹੀ ਹਨ, ਨਾਲ ਹੀ ਮੂੰਹ ਦੀ ਬਦਬੂ ਤੋਂ ਵੀ ਆਪ ਨੂੰ ਛੁਟਕਾਰਾ ਮਿਲ ਜਾਏਗਾ। ਆਂਵਲੇ ਨੂੰ ਦਵਾਈ ਦੇ ਰੂਪ ਵਿੱਚ ਇਸਤੇਮਾਲ ਕਰਨ ਦੇ ਕੁਝ ਉਪਾਅ ਇਸ ਤਰ੍ਹਾਂ ਹਨ –

- ਆਂਵਲਾ ਚੂਰਣ ਇੱਕ ਚਮਚ ਰਾਤ ਨੂੰ ਸੌਂਦੇ ਸਮੇਂ ਪਾਣੀ ਨਾਲ ਲੈਣ ਜਾਂ ਸ਼ਹਿਦ ਨਾਲ ਚੱਟਣ ਨਾਲ ਕਬਜ਼ ਦੀ ਸ਼ਿਕਾਇਤ ਦੂਰ ਹੁੰਦੀ ਹੈ।
- ਆਂਵਲੇ ਦਾ ਨਿਯਮਿਤ ਇਸਤੇਮਾਲ ਬਵਾਸੀਰ ਅਤੇ ਕੀੜੇ ਵੀ ਨਸ਼ਟ ਕਰਦਾ ਹੈ।
- ਆਂਵਲੇ ਨੂੰ ਕੁਚਲ ਕੇ ਰਸ ਨਿਚੋੜ ਲਉ। ਰਸ ਅਤੇ ਨਾਰੀਅਲ ਤੇਲ ਬਰਾਬਰ ਮਾਤਰਾ ਵਿੱਚ ਮਿਲਾ ਕੇ ਹਲਕੀ ਅੱਗ ਤੇ ਪਕਾਉ। ਜਦ ਪਾਣੀ ਦੀ ਮਾਤਰਾ ਸੜ ਜਾਏ ਤਾਂ ਹੇਠਾ ਲਾਹ ਕੇ ਠੰਡਾ ਕਰਕੇ ਛਾਣ ਲਉ। ਇਸ ਨੂੰ ਵਾਲਾਂ ਵਿੱਚ ਲਗਾਉ, ਵਾਲ ਸਿਹਤਮੰਦ ਰਹਿਣਗੇ।
- ਆਂਵਲੇ ਦੀ ਚਟਨੀ ਬਣਾ ਕੇ ਖਾਣ ਨਾਲ ਵਿਭਿੰਨ ਰੋਗ ਦੂਰ ਹੁੰਦੇ ਹਨ।
- ਆਂਵਲਾ ਪਾਊਡਰ ਅਤੇ ਮੁਲੱਠੀ ਖਾਲੀ ਪੇਟ ਲੈਣ ਨਾਲ ਖਾਂਸੀ, ਬਲਗਮ ਤੋਂ ਆਰਾਮ ਮਿਲਦਾ ਹੈ।
- ਆਂਵਲਾ ਪਾਊਡਰ ਅਤੇ ਧਨੀਆ ਪਾਊਡਰ ਬਰਾਬਰ ਮਾਤਰਾ ਵਿੱਚ ਸ਼ਹਿਦ ਦੇ ਨਾਲ ਲੈਣ ਨਾਲ ਸਿਰਦਰਦ ਅਤੇ ਚੱਕਰ ਆਉਣ ਤੋਂ ਛੁਟਕਾਰਾ ਮਿਲੇਗਾ।

ਪਿਆਰੇ ਬੱਚਿਉ! ਜੇਕਰ ਅਸੀਂ ਆਂਵਲੇ ਦਾ ਹਰ ਰੋਜ਼ ਇਸਤੇਮਾਲ ਕਰੀਏ ਤਾਂ ਅਸੀਂ ਸਿਹਤਮੰਦ, ਅਤੇ ਸੁੰਦਰ ਬਣੇ ਰਹਾਂਗੇ। ਆਂਵਲੇ ਦਾ ਹਰਰੋਜ਼ ਇਸਤੇ ਮਾਲ ਸੋਨੇ ਤੇ ਸੁਹਾਗੇ ਦਾ ਕੰਮ ਕਰਦਾ ਹੈ।



*ਜੀਵ-ਜਗਤ : ਰਿਸ਼ੀ ਮੋਹਨ*

# ਪਪੀਹਾ ਚਲਾਕ ਪੰਛੀ

*ਪਪੀਹਾ ਇੱਕ ਚਲਾਕ ਅਤੇ ਸਮਝਦਾਰ ਪੰਛੀ ਹੈ। ਇਹ ਕੋਇਲ ਦੀ ਤਰ੍ਹਾਂ ਚਲਾਕ ਹੈ। ਮਾਦਾ ਪਪੀਹਾ ਆਪਣੇ ਆਂਡੇ 'ਚਰਖ' ਨਾਮਕ ਪੰਛੀ ਦੇ ਆਲ੍ਹਣੇ ਵਿੱਚ ਰੱਖ ਆਉਂਦੀ ਹੈ। ਚਰਖ ਉਹਨਾਂ ਆਂਡਿਆਂ ਨੂੰ ਆਪਣਾ ਸਮਝਦਾ ਹੈ ਅਤੇ ਇਸ ਲਈ ਸੇਕਦਾ ਹੈ ਪ੍ਰੰਤੂ ਜਦ ਆਂਡਿਆਂ ਚੋਂ ਬੱਚੇ ਨਿਕਲਦੇ ਹਨ ਅਤੇ ਉਹ ਉਡਣ ਦੇ ਲਾਇਕ ਹੋ ਜਾਂਦੇ ਹਨ ਤਦ ਉਹ ਇੱਕਦਮ ਨਾਲ ਫੁਰ ਹੋ ਜਾਂਦੇ ਹਨ।*

*ਪਪੀਹਾ ਵਰਖਾ ਦੇ ਦਿਨਾਂ ਵਿੱਚ 'ਪੀ ਕਹਾਂ', ਪੀ ਕਹਾਂ' ਦੀ ਆਵਾਜ਼ ਲਗਾਉਂਦਾ ਰਹਿੰਦਾ ਹੈ। ਕੁੱਝ ਇਸ ਨੂੰ ਪਾਣੀ ਵਰਸਣ ਦਾ ਸੰਕੇਤ ਮੰਨਦੇ ਹਨ। ਕਦੇ ਪਪੀਹਾ ਦੀ ਆਵਾਜ਼ ਤੇਜ਼ ਸੁਣਾਈ ਦਿੰਦੀ ਹੈ ਤਾਂ ਕਦੇ ਇੱਕਦਮ ਨਾਲ ਕੁੱਝ ਦੇਰ ਲਈ ਰੁਕ ਜਾਂਦੀ ਹੈ। ਪਪੀਹਾ ਦਾ ਆਕਾਰ ਕੁੱਝ-ਕੁੱਝ ਕਬੂਤਰ ਦੇ ਵਾਂਗ ਹੁੰਦਾ ਹੈ। ਇਸ ਦੀ ਪੂਛ ਲੰਮੀ ਅਤੇ ਚੁੰਝ ਪੀਲੀ ਅਤੇ ਹਰੀ ਹੁੰਦੀ ਹੈ। ਚੁੰਝ ਦੇ ਸਭ ਤੋਂ ਅੱਗੇ ਦਾ ਹਿੱਸਾ ਕੁੱਝ ਕਾਲਾ ਹੁੰਦਾ ਹੈ। ਇੱਕ ਵਿਸ਼ੇਸ਼ ਗੱਲ ਇਹ ਹੈ ਕਿ ਪਪੀਹੇ ਦੀਆਂ ਅੱਖਾਂ ਦਾ ਰੰਗ ਪੀਲਾ ਹੁੰਦਾ ਹੈ। ਜਦਕਿ ਪਪੀਹੇ ਦੇ ਸਰੀਰ ਦਾ ਉਪਰੀ ਹਿੱਸਾ ਸਲੇਟੀ ਅਤੇ ਹੇਠਾਂ ਦਾ ਹਿੱਸਾ ਸਫੈਦ ਹੁੰਦਾ ਹੈ ਜਿਸ ਤੇ ਭੂਰੇ ਰੰਗ ਦੀਆਂ ਧਾਰੀਆਂ ਬਣੀਆਂ ਰਹਿੰਦੀਆਂ ਹਨ।*

*ਪਪੀਹੇ ਦੇ ਗਲੇ ਵਿੱਚ ਇੱਕ ਛੇਕ ਹੁੰਦਾ ਹੈ। ਜਿਉਂ ਹੀ ਇਹ ਪਾਣੀ ਪੀਂਦਾ ਹੈ ਤਦ ਪਾਣੀ ਦੀ ਜ਼ਿਆਦਾ ਮਾਤਰਾ ਹੇਠਾਂ ਡਿਗ ਜਾਂਦੀ ਹੈ। ਤਦ ਇਹ ਚੀਕਣ ਲਗ ਜਾਂਦਾ ਹੈ ਕਿਉਂਕਿ ਇਸ ਦੀ ਪਿਆਸ ਪਾਣੀ ਡਿਗਣ ਨਾਲ ਬੁਝ ਨਹੀਂ ਸਕਦੀ। ਉਸ ਸਮੇਂ ਇਸ ਨੂੰ ਗੁੱਸਾ ਆਉਂਦਾ ਹੈ।*

**ਪੇਸ਼ਕਸ਼ : ਬੀ.ਆਰ. ਚੋਪੜਾ**

# ਬੁਝਾਰਤਾਂ ?

1. ਧਨ ਦੌਲਤ ਤੋਂ ਵੱਡੀ ਹੈ ਇਹ।
ਸਭ ਚੀਜ਼ਾਂ ਤੋਂ ਉਪਰ ਹੈ ਇਹ।
ਜੋ ਪਾਏ ਪੰਡਿਤ ਬਣ ਜਾਏ।
ਇਹਨੂੰ ਬਿਨਾ ਪਾਏ ਮੂਰਖ ਕਹਿਲਾਏ।

2. ਦੇਹ ਕਾਠ ਮੂੰਹ ਅੱਠ।
ਸੂਰਤ ਜਾਣੀ-ਪਛਾਣੀ।
ਉਂਝ ਇਸ ਦੀ ਜੀਭ ਨਹੀਂ ਹੈ।
ਪਰ ਬੋਲੇ ਮਿੱਠੀ ਬਾਣੀ।

3. ਤਿੰਨ ਅੱਖਰ ਦਾ ਮੇਰਾ ਨਾਮ।
ਉਲਟਾ ਸਿੱਧਾ ਇੱਕ ਸਮਾਨ।
ਆਉਂਦਾ ਹਾਂ ਆਰਾਮ ਦੇ ਕੰਮ।

4. ਦੋ ਅੱਖਰ ਦਾ ਮੇਰਾ ਨਾਮ ਰਤਨ ਹੈ।
ਉਲਟਾਉ ਤਾਂ ਬਣ ਜਾਂਦਾ ਹੈ ਰਾਹੀ।
ਧਾਰਣ ਕਰੋ ਪ੍ਰੇਮ ਨਾਲ ਮੈਨੂੰ।
ਪਰ ਚੱਖਣ ਦੀ ਹੈ ਮਨਾਹੀ।

5. ਕਰਦਾ ਹੈ ਜੋ ਲਗਾਤਾਰ ਕੰਮ।
ਤਿੰਨ ਭਾਈ ਅਤੇ ਇੱਕ ਮਕਾਨ।
ਜੋ ਨਾ ਕਰੇ ਤਨਿਕ ਆਰਾਮ।
ਕੌਣ ਦੱਸੇ ਉਸ ਦਾ ਨਾਮ।

6. ਇੱਕ ਚੰਨ੍ਹ ਅਠਾਰਾਂ ਤਾਰੇ।
ਖੇਡਣ ਮੁੰਨਾ-ਮੁੰਨੀ ਪਿਆਰੇ।

7. ਦੂਰ-ਦੂਰ ਦੀ ਸੈਰ ਕਰਾਉਂਦੀ।
ਨਹੀਂ ਮੈਂ ਕੋਈ ਮੋਟਰ-ਕਾਰ।
ਇੱਕ ਜਗ੍ਹਾ ਤੇ ਖੜੀ ਰਹਾਂ ਮੈਂ।
ਨਾਮ ਦੱਸੋ ਮੇਰਾ ਯਾਰ।

8. ਨਾ ਪਹੀਏ ਨਾ ਪੈਰ ਸਾਡੇ।
ਫਿਰ ਵੀ ਚਲਦੀ ਜਾਂਦੀ ਹਾਂ।
ਕਈ ਰੰਗ ਦਾ ਪਾਣੀ ਪੀਂਦੀ।
ਖਾਣਾ ਕਦੇ ਨਾ ਖਾਂਦੀ ਹਾਂ।

9. ਬਚਪਨ ਵਿੱਚ ਤਾਂ ਭਾਏ ਸਭ ਨੂੰ,
ਪ੍ਰੰਤੂ ਜਵਾਨੀ ਵਿੱਚ ਖੂੰਖਾਰ।
ਵੇਖ ਬੁਢਾਪਾ ਉਸ ਦਾ ਬੱਚਿਉ।
ਸ਼ਾਮ, ਨਮਨ ਕਰੇ ਸੰਸਾਰ।

10. ਪੁਲਾੜ ਨਗਰ ਦਾ ਇੱਕ ਅਨੋਖਾ,
ਵੇਖਿਆ ਅਸੀਂ ਰਾਜਕੁਮਾਰ।
ਦਿਨ-ਰਾਤ ਘੱਟਦਾ ਵੱਧਦਾ ਰਹਿੰਦਾ,
ਬਦਲੇ ਨਵੇਂ ਰੂਪ ਆਕਾਰ।


**ਬੁਝਾਰਤਾਂ ਦੇ ਉੱਤਰ :**

1. ਵਿਦਿਆ 2. ਬਾਂਸਰੀ, 3. ਤਖਤ,
4. ਹੀਰਾ, 5. ਘੜੀ, 6. ਕੈਰਮ,
7. ਟੀ.ਵੀ. 8. ਕਲਮ, 9. ਸੂਰਜ, 10. ਚੰਦਰਮਾ

ਲੇਖ : ਕੈਲਾਸ਼ ਜੈਨ

## ਸਾਦਗੀ ਦੀ ਮੂਰਤੀ

# ਡਾ. ਰਾਜਿੰਦਰ ਪ੍ਰਸਾਦ



ਅੱਜ ਜਦ ਦੁਨੀਆ ਵਿੱਚ ਸਿਧਾਤਾਂ ਅਤੇ ਮੁੱਲਾਂ ਦੀ ਰਾਜਨੀਤੀ ਆਪਣੇ ਆਖਰੀ ਸਾਹ ਗਿਣ ਰਹੀ ਹੈ ਅਤੇ ਚਾਪਲੂਸੀ, ਤੜਕ-ਭੜਕ, ਭ੍ਰਿਸ਼ਟਾਚਾਰ, ਸਿਧਾਂਤਹੀਨਤਾ, ਸਵਾਰਥ ਆਦਿ ਤੱਤ ਰਾਜਨੀਤੀ ਦੇ ਸਥਾਈ ਭਾਵ ਬਣਦੇ ਜਾ ਰਹੇ ਹਨ, ਰਾਜਨੀਤੀ ਹੁਣ 'ਮਿਸ਼ਨ' ਨਾ ਹੋ ਕੇ 'ਪ੍ਰੋਫੈਸ਼ਨ' ਬਣਦੀ ਜਾ ਰਹੀ ਹੈ। ਅਜਿਹੇ ਦੌਰ ਵਿੱਚ ਰਾਜਿੰਦਰ ਬਾਬੂ ਦੀ ਯਾਦ ਇੱਕ ਅਹਿਸਾਸ ਦੀ ਤਰ੍ਹਾਂ ਲੱਗਦੀ ਹੈ। ਭਾਰਤ ਜਿਹੇ ਵਿਸ਼ਾਲ ਗਣਤੰਤਰ ਦੇ ਇਸ ਪਹਿਲੇ ਰਾਸ਼ਟਰਪਤੀ ਦੀ ਮੌਲਿਕ ਸਾਦਗੀ ਅਤੇ ਆਪਣੀ ਮਿੱਟੀ ਦੀ ਖੁਸ਼ਬੂ ਨਾਲ ਮਹਿਕਦਾ, ਸਰਲ ਵਿਅਕਤੀਤਵ ਸਚਮੁੱਚ ਅੱਜ ਦੇ ਯੁੱਗ ਵਿੱਚ ਇੱਕ ਦੁਰਲਭ ਵਸਤੂ ਬਣ ਕੇ ਰਹਿ ਗਿਆ ਹੈ।

ਰਾਜਿੰਦਰ ਬਾਬੂ ਦੇ ਵਿਅਕਤੀਤਵ ਨੂੰ ਪਰਿਭਾਸ਼ਿਤ ਕਰਦੇ ਹੋਏ ਤਤਕਾਲੀਨ ਵਾਇਸਰਾਇ ਲਾਰਡ ਲਿਨਥਿਨਗੋ ਨੇ ਕਿਹਾ ਸੀ- ਡਾਕਟਰ ਰਾਜਿੰਦਰ ਪ੍ਰਸਾਦ ਨਾ ਤਾਂ ਬੇਰ ਦੀ ਤਰ੍ਹਾਂ ਉਪਰ ਤੋਂ ਮਿੱਠੇ ਅਤੇ ਅੰਦਰ ਤੋਂ ਸਖਤ ਹਨ ਅਤੇ ਨਾ ਹੀ ਬਾਦਾਮ ਦੀ ਤਰ੍ਹਾਂ ਉਪਰ ਤੋਂ ਸਖਤ ਅਤੇ ਅੰਦਰ ਤੋਂ ਮਿੱਠੇ ਹਨ। ਅਸਲ ਵਿੱਚ ਉਹ ਅੰਦਰ ਅਤੇ ਬਾਹਰ ਦੋਵੇਂ ਪਾਸਿਉਂ ਅੰਗੂਰ ਦੀ ਤਰ੍ਹਾਂ ਕੋਮਲ ਅਤੇ ਮਿੱਠੇ ਹਨ। ਇਹ ਸੰਤ ਰਾਜਨੇਤਾ ਬਿਹਾਰ ਦੇ ਸਾਰਣ ਜਿਲੇ ਦੇ ਛੋਟੇ ਜਿਹੇ ਪਿੰਡ ਜੀਰਾਦੇਈ ਵਿੱਚ 1884 ਨੂੰ ਪੈਦਾ ਹੋਏ। ਉਹਨਾਂ ਨੇ ਆਪਣੇ ਵਿਦਿਅਕ ਜੀਵਨ ਦੀ ਹਰ ਪ੍ਰੀਖਿਆ ਪਹਿਲੇ ਦਰਜੇ ਵਿੱਚ ਪਾਸ ਕੀਤੀ। ਆਤਮ-ਵਿਸ਼ਵਾਸ ਅਤੇ ਸਵੈ-ਸਤਿਕਾਰ ਦੀ ਜਿਉਂਦੀ-ਜਾਗਦੀ ਮੂਰਤੀ ਰਾਜਿੰਦਰ ਬਾਬੂ ਵਿੱਚ ਇਹ ਗੁਣ ਜਨਮਜਾਤ ਸਨ।

ਰਜਿੰਦਰ ਬਾਬੂ ਨੇ ਵਕਾਲਤ ਦੀ ਪ੍ਰੀਖਿਆ ਸਰਵੋਤਮ ਨੰਬਰਾਂ ਵਿੱਚ ਪਾਸ ਕਰਕੇ ਕਲਕੱਤਾ ਹਾਈਕੋਰਟ ਵਿੱਚ ਵਕਾਲਤ ਸ਼ੁਰੂ ਕੀਤੀ। ਆਪਣੀ ਪ੍ਰਤਿਭਾ ਦੇ ਜ਼ੋਰ ਤੇ ਉਹਨਾਂ ਨੇ ਵਕਾਲਤ ਦੇ ਖੇਤਰ ਵਿੱਚ ਬਹੁਤ ਪ੍ਰਸਿੱਧੀ ਅਤੇ ਯਸ਼ ਹਾਸਿਲ ਕੀਤਾ। ਉਹਨਾਂ ਨੇ ਵਕਾਲਤ ਦੇ ਪੇਸ਼ੇ ਵਿੱਚ ਵੀ ਕਦੇ ਆਪਣੇ ਸਿਧਾਂਤਾਂ ਅਤੇ ਮੁੱਲਾਂ ਨਾਲ ਸਮਝੌਤਾ ਨਹੀਂ ਕੀਤਾ। ਸ਼ੁਧ ਮਾਨਵਤਾਵਾਦੀ ਦ੍ਰਿਸ਼ਟੀਕੋਣ ਅਤੇ ਇਮਾਨਦਾਰੀ ਉਹਨਾਂ ਦੇ ਪੇਸ਼ੇ ਦਾ ਮੁੱਖ ਆਧਾਰ ਬਣੀ ਰਹੀ। ਸੰਨ 1917 ਵਿੱਚ ਗਾਂਧੀ ਜੀ ਦੇ ਚੰਪਾਰਣ ਸਤਿਆਗ੍ਰਹਿ ਤੋਂ ਪ੍ਰਭਾਵਿਤ ਹੋ ਕੇ ਰਜਿੰਦਰ ਬਾਬੂ ਨੇ ਵਕਾਲਤ ਛੱਡ ਦਿੱਤੀ ਅਤੇ ਆਪਣਾ ਪੂਰਾ ਜੀਵਨ ਗਾਂਧੀ ਜੀ ਦੀ ਅਗਵਾਈ ਹੇਠ ਰਾਸ਼ਟਰ ਨੂੰ ਸਮਰਪਿਤ ਕਰ ਦਿੱਤਾ। ਸੰਨ 1935 ਵਿੱਚ ਬਿਹਾਰ ਵਿੱਚ ਆਏ ਵਿਨਾਸ਼ਕਾਰੀ ਭੁਚਾਲ ਵਿੱਚ ਉਹਨਾਂ ਨੇ ਜੀ-ਜਾਨ ਨਾਲ ਲੋਕਾਂ ਦੀ ਸੇਵਾ ਕੀਤੀ। ਰਜਿੰਦਰ ਬਾਬੂ ਤਿੰਨ ਵਾਰ ਭਾਰਤੀ ਰਾਸ਼ਟਰੀ ਕਾਂਗਰਸ ਦੇ ਪ੍ਰਧਾਨ ਚੁਣੇ ਗਏ। ਨਹਿਰੂ ਜੀ ਦੀ ਅਗਵਾਈ ਹੇਠ ਗਠਿਤ ਅੰਤਰਿਮ ਸਰਕਾਰ ਵਿੱਚ ਉਹਨਾਂ ਨੂੰ ਖੇਤੀਬਾੜੀ ਮੰਤਰੀ ਬਣਾਇਆ ਗਿਆ।

ਜਨਵਰੀ ਸੰਨ 1950 ਨੂੰ ਰਜਿੰਦਰ ਬਾਬੂ ਸਰਬਸੰਪਤੀ ਨਾਲ ਆਜ਼ਾਦ ਭਾਰਤ ਦੇ ਪਹਿਲੇ ਰਾਸ਼ਟਰਪਤੀ ਚੁਣੇ ਗਏ। ਰਾਸ਼ਟਰਪਤੀ ਚੁਣੇ ਜਾਣ ਦੇ ਬਾਵਜੂਦ ਉਹਨਾਂ ਨੇ ਸਾਦਗੀ ਦਾ ਆਪਣਾ ਮੂਲ ਗੁਣ ਨਹੀਂ ਛੱਡਿਆ। ਰਾਸ਼ਟਰਪਤੀ ਭਵਨ ਦੇ ਐਸ਼ੋਆਰਾਮ ਨੂੰ ਉਹ ਕਦੇ ਸਵੀਕਾਰ ਨਹੀਂ ਕਰ ਸਕੇ। ਉਹਨਾਂ ਦਾ ਸਿੱਧਾ-ਸਾਦਾ ਦੇਹਾਤੀ ਕਿਸਾਨ-ਮਾਨਸ ਰਾਸ਼ਟਰਪਤੀ ਭਵਨ ਦੀ ਤੜਕ-ਭੜਕ ਅਤੇ ਤਾਮਝਾਮ ਨੂੰ ਬਰਬਾਦੀ ਮੰਨਦਾ ਰਿਹਾ। ਰਾਸ਼ਟਰਪਤੀ ਭਵਨ ਵਿੱਚ ਉਚੇ-ਉਚੇ ਨਰਮ ਗੱਦਿਆਂ ਵਾਲੇ ਪਲੰਘ ਉਹਨਾਂ ਨੂੰ ਰਾਸ ਨਹੀਂ ਆਏ। ਉਹਨਾਂ ਨੇ ਉਹਨਾਂ ਆਰਾਦਾਇਕ ਪਲੰਘਾਂ ਨੂੰ ਹਟਵਾ ਕੇ ਲਕੜੀ ਦਾ ਸਧਾਰਣ ਤਖਤ ਲਗਵਾਇਆ ਅਤੇ ਬਾਰ੍ਹਾਂ ਸਾਲ ਉਸੇ ਤਖਤ ਤੇ ਸੁੱਤੇ। ਰਾਸ਼ਟਰਪਤੀ ਚੁਣੇ ਜਾਣ ਤੇ ਉਹਨਾਂ ਲਈ ਸਵਾਏ ਗਏ ਕਪੜਿਆਂ ਦਾ ਜਦ ਦੋ ਸੌ ਪੰਜਾਹ ਰੁਪਏ ਦਾ ਬਿੱਲ ਆਇਆ ਤਾਂ ਉਹ ਬੇਹੱਦ

ਪ੍ਰੇਸ਼ਾਨ ਹੋਏ। ਉਹਨਾਂ ਦਾ ਕਹਿਣਾ ਸੀ ਇਹ ਬਿਲਕੁਲ ਫਿਜ਼ੂਲ ਖਰਚੀ ਹੈ। ਗਾਂਧੀਵਾਦ ਦੀ ਪਰੰਪਰਾ ਦੇ ਰਜਿੰਦਰ ਬਾਬੂ ਅਨੋਖੀ ਉਦਾਹਰਣ ਸਨ। ਗਾਂਧੀ ਜੀ ਨੇ ਰਜਿੰਦਰ ਬਾਬੂ ਦੀ ਪ੍ਰਤਿਭਾ ਅਤੇ ਸਾਦਗੀ ਨੂੰ ਖ਼ੂਬ ਪਛਾਣਿਆ। ਇੱਕ ਵਾਰ ਉਹਨਾਂ ਨੂੰ ਮਿਲਣ ਆਏ ਨੌਜਵਾਨਾਂ ਨੂੰ ਸੰਬੋਧਿਤ ਕਰਦੇ ਹੋਏ ਗਾਂਧੀ ਜੀ ਨੇ ਡਾ. ਰਜਿੰਦਰ ਪ੍ਰਸਾਦ ਵੱਲ ਇਸ਼ਾਰਾ ਕਰਦੇ ਹੋਏ ਕਿਹਾ- ''ਇਹੀ ਹਨ ਬਿਹਾਰ ਦੇ ਰਜਿੰਦਰ ਪ੍ਰਸਾਦ, ਜਿਹਨਾਂ ਦਾ ਤਿਆਗ ਸਾਡੇ ਲਈ ਪ੍ਰੇਰਣਾ ਅਤੇ ਮਾਣ ਦੀ ਗੱਲ ਹੈ, ਇਹ ਪਟਨਾ ਹਾਈਕੋਰਟ ਜੱਜ ਦੀ ਕੁਰਸੀ ਤੇ ਬੈਠਣ ਵਾਲੇ ਸਨ, ਪ੍ਰੰਤੂ ਇਹਨਾਂ ਨੇ ਦੇਸ਼ ਅਤੇ ਸਮਾਜ ਲਈ ਉਹ ਪਦ ਤਾਂ ਕੀ, ਆਪਣਾ ਪੂਰਾ ਜੀਵਨ ਸਮਰਪਿਤ ਕਰ ਦਿੱਤਾ।'' ਗਾਂਧੀ ਜੀ ਅਕਸਰ ਰਜਿੰਦਰ ਬਾਬੂ ਨੂੰ 'ਅਜਾਤਸ਼ਤਰੂ' ਕਿਹਾ ਕਰਦੇ ਸਨ ਅਰਥਾਤ ਜਿਸ ਦਾ ਕੋਈ ਦੁਸ਼ਮਣ ਨਾ ਹੋਵੇ।

ਡਾ: ਰਜਿੰਦਰ ਪ੍ਰਸਾਦ ਭਾਸ਼ਾ ਅਤੇ ਸਾਹਿਤ ਦੇ ਸਭ ਤੋਂ ਮਜ਼ਬੂਤ ਸਮਰਥਕ ਸਨ। ਉਹਨਾਂ ਦੇ ਯਤਨਾਂ ਨਾਲ ਹੀ ਭਾਰਤੀ ਸੰਵਿਧਾਨ ਵਿੱਚ ਹਿੰਦੀ ਨੂੰ ਰਾਜਭਾਸ਼ਾ ਦਾ ਦਰਜਾ ਮਿਲ ਸਕਿਆ। ਰਜਿੰਦਰ ਬਾਬੂ ਦੀ ਪ੍ਰੇਰਣਾ ਅਤੇ ਯਤਨਾਂ ਨਾਲ ਸੰਵਿਧਾਨ ਦੀ ਹਿੰਦੀ ਵਿੱਚ ਕਾਪੀ ਤਿਆਰ ਹੋ ਸਕੀ। ਭਾਰਤੀ ਰਾਜਨੇਤਾਵਾਂ ਵਿੱਚ ਰਜਿੰਦਰ ਬਾਬੂ ਹੀ ਅਜਿਹੇ ਇਕਮਾਤਰ ਨੇਤਾ ਸਨ, ਜਿਹਨਾਂ ਨੇ ਆਤਮਕਥਾ ਹਿੰਦੀ ਭਾਸ਼ਾ ਵਿੱਚ ਲਿਖੀ। ਜੇਲ ਵਿੱਚ ਲਿਖੀ ਹੋਈ ਇਹ ਆਤਮ ਕਥਾ ਹਿੰਦੀ ਸਾਹਿਤ ਦੀ ਇੱਕ ਅਨੋਖੀ ਧਰੋਹਰ ਹੈ। ਰਜਿੰਦਰ ਬਾਬੂ ਸੱਤ ਭਾਸ਼ਾਵਾਂ ਵਿੱਚ ਪਰਪੱਕ ਸਨ, ਉਹਨਾਂ ਨੂੰ ਭਾਰਤੀ ਭਾਸ਼ਾਵਾਂ ਨਾਲ ਵਿਸ਼ੇਸ਼ ਲਗਾਉ ਸੀ। ਸੰਸਕ੍ਰਿਤ ਉਹਨਾਂ ਦੀ ਪਿਆਰੀ ਭਾਸ਼ਾ ਸੀ। ਆਪਣੇ ਰਾਸ਼ਟਰਪਤੀ ਕਾਲ ਵਿੱਚ ਉਹਨਾਂ ਨੇ ਦੋ ਵਾਰ ਵਿਸ਼ਵ ਸੰਸਕ੍ਰਿਤ ਪਰਿਸ਼ਦ ਦੇ ਸੰਮੇਲਨ ਦਾ ਉਦਘਾਟਨ ਕੀਤਾ ਅਤੇ ਦੋਨੋਂ ਵਾਰ ਆਪਣਾ ਭਾਸ਼ਣ ਸ਼ੁਧ ਅਤੇ ਆਧੁਨਿਕ ਸੰਸਕ੍ਰਿਤ ਵਿੱਚ ਦਿੱਤਾ।

ਡਾ: ਰਜਿੰਦਰ ਪ੍ਰਸਾਦ ਭਾਰਤ ਮਾਤਾ ਦੇ ਅਜਿਹੇ ਸਪੂਤ ਸਨ, ਜਿਹਨਾਂ ਤੇ ਰਾਸ਼ਟਰ ਹਮੇਸ਼ਾਂ ਮਾਣ ਕਰਦਾ ਰਹੇਗਾ। ਉਹਨਾਂ ਦੀ ਬਹੁਮੁੱਖੀ ਪ੍ਰਤਿਭਾ, ਸਾਦਗੀ ਨਾਲ ਭਰਪੂਰ ਵਿਅਕਤੀਤਵ, ਸਰਲਤਾ, ਆਤਮ-ਤਿਆਗ, ਰਾਸ਼ਟਰ-ਨਿਸ਼ਠਾ, ਲਗਨ, ਮਿਹਨਤ ਆਦਿ ਗੁਣ ਉਹਨਾਂ ਨੂੰ ਇੱਕ ਵਿਰਾਟ ਸਵਰੂਪ ਪ੍ਰਦਾਨ ਕਰਦੇ ਹਨ।



ਬਾਲ ਕਹਾਣੀ : ਅਮਨਪ੍ਰੀਤ ਸਿੰਘ

# ਡੱਬਖੜੱਬਾ ਖਰਗੋਸ਼ ਅਤੇ ਸਤਰੰਗੀ ਤਿੱਤਲੀ

ਇੱਕ ਬਹੁਤ ਹੀ ਪਿਆਰਾ ਜੰਗਲ ਸੀ। ਉਸ ਜੰਗਲ ਵਿੱਚ ਹਰਿਆਲੀ ਹੀ ਹਰਿਆਲੀ ਸੀ। ਚਾਰੇ ਪਾਸੇ ਫੁੱਲ ਹੀ ਫੁੱਲ ਸਨ। ਜਦੋਂ ਧੁੱਪ ਵਿੱਚ ਫੁੱਲ ਖਿੜਦੇ ਸਨ ਤਾਂ ਤਿੱਤਲੀਆਂ, ਭੰਵਰੇ ਉਹਨਾਂ ਫੁੱਲਾਂ ਤੇ ਮੰਡਰਾਉਣ ਲੱਗ ਜਾਂਦੇ ਸਨ ਜਿਸ ਨਾਲ ਜੰਗਲ ਦੀ ਖ਼ੂਬਸੂਰਤੀ ਹੋਰ ਵੱਧ ਜਾਂਦੀ ਸੀ। ਇਹਨਾਂ ਤਿੱਤਲੀਆਂ ਦੇ ਨਾਲ ਹੀ ਇੱਕ ਬਹੁਤ ਹੀ ਅਲੱਗ ਤਿੱਤਲੀ ਵੀ ਆਉਂਦੀ ਸੀ ਜਿਸ ਦੇ ਪੰਖਾਂ ਵਿੱਚ ਸੱਤ ਰੰਗ ਸਨ। ਜਦੋਂ ਉਹ ਸਤਰੰਗੀ ਤਿੱਤਲੀ ਫੁੱਲਾਂ ਦੇ ਉਪਰ ਘੁੰਮਦੀ ਸੀ ਤਾਂ ਬਹੁਤ ਸੋਹਣੀ ਲੱਗਦੀ ਸੀ। ਇਸੇ ਜੰਗਲ ਵਿੱਚ ਇੱਕ ਡੱਬਖੜੱਬਾ ਖਰਗੋਸ਼ ਵੀ ਰਹਿੰਦਾ ਸੀ। ਜਦੋਂ ਵੀ ਸਤਰੰਗੀ ਤਿੱਤਲੀ ਆਉਂਦੀ ਸੀ ਤਾਂ ਖਰਗੋਸ਼ ਪੁੱਠੀਆਂ-ਸਿੱਧੀਆਂ ਛਾਲਾਂ ਮਾਰ ਕੇ ਉਸ ਤਿੱਤਲੀ ਨੂੰ ਫੜਨ ਦੀ ਕੋਸ਼ਿਸ਼ ਕਰਦਾ ਸੀ, ਤਿੱਤਲੀ ਉਸ ਦੇ ਹੱਥ ਨਹੀਂ ਆਉਂਦੀ ਸੀ। ਸਗੋਂ ਬਹੁਤ ਖੁਸ਼ ਹੁੰਦੀ ਸੀ। ਹਰ ਰੋਜ਼ ਇਹੀ ਸਿਲਸਿਲਾ ਚੱਲਦਾ ਰਹਿੰਦਾ ਸੀ।

ਇੱਕ ਦਿਨ ਉਹੀ ਡੱਬਖੜੱਬਾ ਖਰਗੋਸ਼ ਉਸ ਤਿੱਤਲੀ ਨੂੰ ਉਡੀਕ ਰਿਹਾ ਸੀ ਕਿ ਕਦੋਂ ਆਵੇਗੀ ਤਿੱਤਲੀ। ਉਸ ਨੇ ਕਾਫ਼ੀ ਦੇਰ ਉਸ ਤਿੱਤਲੀ ਦੀ ਉਡੀਕ ਕੀਤੀ ਪਰ ਤਿੱਤਲੀ ਨਾ ਆਈ। ਜਦੋਂ ਤਿੱਤਲੀ ਨਾ ਆਈ ਤਾਂ ਖਰਗੋਸ਼ ਉਸ ਨੂੰ ਲੱਭਣ ਲੱਗ ਪਿਆ, ਜਿਧਰੋਂ ਤਿੱਤਲੀ ਆਉਂਦੀ ਸੀ। ਜਦੋਂ ਖਰਗੋਸ਼ ਥੋੜੀ ਦੂਰ ਗਿਆ ਤਾਂ ਖਰਗੋਸ਼ ਨੇ ਦੇਖਿਆ ਕਿ ਉਹ ਸਤਰੰਗੀ ਤਿੱਤਲੀ ਇੱਕ ਮੱਕੜੀ ਦੇ ਜਾਲ੍ਹੇ ਵਿੱਚ ਫੱਸੀ ਹੋਈ ਸੀ। ਉਹ ਬਹੁਤ ਜ਼ਿਆਦਾ ਆਪਣੇ ਪੰਖਾਂ ਨੂੰ ਫੜਫੜਾ



ਰਹੀ ਸੀ। ਜਿੰਨਾਂ ਉਹ ਫੜਫੜਾਉਂਦੀ ਸੀ, ਵਿਚਾਰੀ ਉਨ੍ਹਾਂ ਹੀ ਜਾਲ੍ਹ ਵਿੱਚ ਫੱਸ ਜਾਂਦੀ ਸੀ। ਵਿਚਾਰੀ ਤਿੱਤਲੀ ਮੱਕੜੀ ਦੇ ਜਾਲ ਵਿੱਚ ਬਿਲਕੁਲ ਫੱਸ ਚੁੱਕੀ ਸੀ। ਇਹ ਦੇਖ ਉਸ ਖਰਗੋਸ਼ ਨੂੰ ਉਸ ਤੇ ਦਇਆ ਆ ਗਈ ਅਤੇ ਉਸ ਨੇ ਜਲਦੀ ਨਾਲ ਉਸ ਸੱਤਰੰਗੀ ਤਿੱਤਲੀ ਨੂੰ ਜਾਲ੍ਹ ਵਿੱਚੋਂ ਮੁਕਤ ਕਰ ਦਿੱਤਾ। ਜਾਲ੍ਹ ਵਿੱਚੋਂ ਮੁਕਤ ਹੋਣ ਤੋਂ ਬਾਅਦ ਤਿੱਤਲੀ ਨੇ ਉਸ ਖਰਗੋਸ਼ ਦਾ ਬਹੁਤ ਧੰਨਵਾਦ ਕੀਤਾ ਅਤੇ ਤਿੱਤਲੀ ਨੇ ਕਿਹਾ ਕਿ ਕਦੇ ਮੈਂ ਵੀ ਤੇਰੇ ਕਿਸੇ ਕੰਮ ਆਵਾਂਗੀ ਤਾਂ ਉਹ ਮੇਰੀ ਖੁਸ਼ਨਸੀਬੀ ਹੋਵੇਗੀ। ਇਹ ਸੁਣ ਕੇ ਖਰਗੋਸ਼ ਹੱਸਣ ਲੱਗਾ। ਤਿੱਤਲੀ ਫਿਰ ਤੋਂ ਫੁੱਲਾਂ ਉਤੇ ਮੰਡਰਾਉਣ ਲੱਗੀ ਅਤੇ ਖਰਗੋਸ਼ ਉਸ ਦਾ ਪਿੱਛਾ ਕਰਨ ਲੱਗਾ। ਤਿੱਤਲੀ ਅਤੇ ਖਰਗੋਸ਼ ਹੁਣ ਬਹੁਤ ਪੱਕੇ ਦੋਸਤ ਬਣ ਗਏ ਸਨ।

ਤਿੱਤਲੀ ਹਰ ਰੋਜ਼ ਉਸੇ ਤਰ੍ਹਾਂ ਆਉਂਦੀ ਅਤੇ ਖਰਗੋਸ਼ ਹੁਣ ਉਸ ਨੂੰ ਫੜਦਾ ਨਹੀਂ ਸੀ। ਸਗੋਂ ਦੋਨੋਂ ਆਪਸ ਵਿੱਚ ਗੱਲਾਂ ਕਰਦੇ ਸਨ। ਇਸ ਤਰ੍ਹਾਂ ਸਵੇਰੇ-ਸਵੇਰੇ ਉਨ੍ਹਾਂ ਦਾ ਕਾਫ਼ੀ ਟਾਈਮ ਪਾਸ ਹੋ ਜਾਂਦਾ ਸੀ। ਥੋੜ੍ਹਾ ਸਮਾਂ ਲੰਘਿਆ। ਇੱਕ ਦਿਨ ਉਹੀ ਡੱਬਖੜੱਬਾ ਖਰਗੋਸ਼ ਮੁਲਾਇਮ-ਮੁਲਾਇਮ ਘਾਹ ਖਾ ਰਿਹਾ ਸੀ। ਅਚਾਨਕ ਉਸ ਦਿਨ ਇੱਕ ਸ਼ਿਕਾਰੀ ਜੰਗਲ ਵਿੱਚ ਆ ਗਿਆ। ਉਸ ਦੇ ਹੱਥ ਵਿੱਚ ਤੀਰ-ਕਮਾਨ ਸੀ। ਉਸ ਦੀ ਨਜ਼ਰ ਜਦੋਂ ਖਰਗੋਸ਼ ਤੇ ਪਈ ਤਾਂ ਉਸ ਨੇ ਤੀਰ ਨੂੰ ਕਮਾਨ ਤੇ ਚੜ੍ਹਾ ਲਿਆ ਅਤੇ ਖਰਗੋਸ਼ ਵੱਲ ਨਿਸ਼ਾਨਾ ਬਣਾਉਣ ਲੱਗਿਆ। ਖਰਗੋਸ਼ ਮਸਤੀ ਵਿੱਚ ਘਾਹ ਖਾ ਰਿਹਾ ਸੀ। ਉਦੋਂ ਹੀ ਘੁੰਮਦੀ-ਘੁੰਮਦੀ ਤਿੱਤਲੀ ਵੀ ਉਥੇ ਆ ਗਈ। ਜਦੋਂ ਉਸ ਸੱਤਰੰਗੀ ਤਿੱਤਲੀ ਨੇ ਇਹ ਸਭ ਦੇਖਿਆ ਕਿ ਸ਼ਿਕਾਰੀ ਖਰਗੋਸ਼ ਵੱਲ ਨਿਸ਼ਾਨਾ ਵਿੰਨੀ ਖੜਾ ਹੈ ਤਾਂ ਉਸ ਨੇ ਜਲਦੀ ਨਾਲ ਆਪਣੀ ਜਾਨ ਨੂੰ ਖ਼ਤਰੇ ਵਿੱਚ ਪਾ ਕੇ ਸ਼ਿਕਾਰੀ ਦੀਆਂ ਅੱਖਾਂ ਕੋਲ ਮੰਡਰਾਉਣਾ ਸ਼ੁਰੂ ਕਰ ਦਿੱਤਾ। ਇਸ ਨਾਲ ਸ਼ਿਕਾਰੀ ਦਾ ਧਿਆਨ ਭਟਕ ਗਿਆ ਤੇ ਉਸ ਨੇ ਤੀਰ ਜਲਦੀ ਨਾਲ ਛੱਡ ਦਿੱਤਾ। ਇਸ ਨਾਲ ਖਰਗੋਸ਼ ਸਾਵਧਾਨ ਹੋ ਗਿਆ। ਸ਼ਿਕਾਰੀ ਦਾ ਧਿਆਨ ਭਟਕ ਜਾਣ ਕਾਰਨ ਥੋੜ੍ਹਾ ਨਿਸ਼ਾਨਾ ਵਿਗੜ ਗਿਆ ਅਤੇ ਤੀਰ ਖਰਗੋਸ਼ ਦੀ ਲੱਤ ਨੂੰ ਲੱਗ ਕੇ ਅੱਗੇ ਨੂੰ ਚਲਾ ਗਿਆ। ਇਸ ਕਾਰਨ ਖਰਗੋਸ਼ ਬਚ ਗਿਆ ਅਤੇ ਨੌਂ-ਦੋ ਗਿਆਰਾਂ ਹੋ ਗਿਆ। ਖਰਗੋਸ਼ ਸੰਘਣੀਆਂ ਝਾੜੀਆਂ ਵਿੱਚ ਜਾ ਕੇ ਛੁੱਪ ਗਿਆ।

ਸ਼ਿਕਾਰੀ ਪੱਕਾ ਨਿਸ਼ਾਨੇਬਾਜ਼ ਸੀ ਪਰ ਉਸ ਦਾ ਨਿਸ਼ਾਨਾ ਤਿੱਤਲੀ ਕਾਰਨ ਚੁਕ ਗਿਆ ਸੀ। ਸ਼ਿਕਾਰੀ ਨੇ ਖਰਗੋਸ਼ ਨੂੰ ਬਹੁਤ ਲੱਭਿਆ ਪਰ ਉਹ ਲੱਭਣ ਵਿੱਚ ਅਸਫਲ ਰਿਹਾ ਅਤੇ ਵਾਪਿਸ ਪਰਤ ਗਿਆ। ਜਦੋਂ ਸ਼ਿਕਾਰੀ ਓਥੋਂ ਚਲਾ ਗਿਆ ਤਾਂ ਤਿੱਤਲੀ ਨੇ ਖਰਗੋਸ਼ ਨੂੰ ਆਉਣ ਲਈ ਕਿਹਾ। ਖਰਗੋਸ਼ ਸੰਘਣੀਆਂ ਝਾੜੀਆਂ ਵਿੱਚੋਂ ਨਿੱਕਲ ਕੇ ਬਾਹਰ ਆ ਗਿਆ। ਤੀਰ ਲੱਗ ਜਾਣ ਕਾਰਨ ਖਰਗੋਸ਼ ਦੀ ਲੱਤ ਜ਼ਖ਼ਮੀ ਹੋ ਗਈ ਸੀ। ਜਦੋਂ ਤਿੱਤਲੀ ਨੇ ਇਹ ਦੇਖਿਆ ਤਾਂ ਉਸ ਨੇ ਖਰਗੋਸ਼ ਨੂੰ ਉਸ ਦੇ ਨਾਲ ਚੱਲਣ ਲਈ ਕਿਹਾ। ਖਰਗੋਸ਼ ਤਿੱਤਲੀ ਦੇ ਨਾਲ ਚੱਲ ਪਿਆ। ਤਿੱਤਲੀ ਨੇ ਖਰਗੋਸ਼ ਨੂੰ ਇੱਕ ਜ਼ਖ਼ਮ ਸੁਕਾਉਣ ਵਾਲੀ ਜੜੀ-ਬੂਟੀ ਦਿਖਾਈ ਅਤੇ ਉਸ ਨੂੰ ਲਾਉਣ ਲਈ ਕਿਹਾ। ਖਰਗੋਸ਼ ਨੇ ਉਹ ਜੜੀ-ਬੂਟੀ ਜ਼ਖ਼ਮ ਤੇ ਲਾ ਲਈ ਅਤੇ ਉਸ ਨੂੰ ਬਹੁਤ ਰਾਹਤ ਮਿਲੀ। ਖਰਗੋਸ਼ ਨੇ ਤਿੱਤਲੀ ਨੂੰ ਕਿਹਾ ਕਿ ਤਿੱਤਲੀ ਭੈਣ, ਮੈਂ ਤੈਨੂੰ ਦੇਖ ਲਿਆ ਸੀ। ਤੂੰ ਕਿਸ ਤਰ੍ਹਾਂ ਆਪਣੀ ਜਾਨ ਤੇ ਖੇਡ ਕੇ ਸ਼ਿਕਾਰੀ ਦਾ ਧਿਆਨ ਭਟਕਾਇਆ ਅਤੇ ਜਿਸ ਨਾਲ ਮੇਰੀ ਜਾਨ ਬੱਚ ਗਈ। ਇਸ ਲਈ ਮੈਂ ਤੇਰਾ ਬਹੁਤ ਧੰਨਵਾਦ ਕਰਦਾ ਹਾਂ। ਤਿੱਤਲੀ ਫਿਰ ਕਹਿਣ ਲੱਗੀ ਕਿ ਖਰਗੋਸ਼ ਭਰਾ, ਇਹ ਤਾਂ ਮੇਰਾ ਫ਼ਰਜ ਸੀ। ਮੁਸੀਬਤ ਵੇਲੇ ਤੂੰ ਵੀ ਮੇਰੀ ਸਹਾਇਤਾ ਕੀਤੀ ਸੀ, ਅੱਜ ਮੈਨੂੰ ਵੀ ਤੇਰੀ ਸਹਾਇਤਾ ਕਰਨ ਦਾ ਮੌਕਾ ਮਿਲਿਆ ਸੀ।

ਸੋ ਪਿਆਰੇ ਬੱਚਿਓ, ਅਗਰ ਅਸੀਂ ਕਿਸੇ ਦਾ ਭਲਾ ਕਰਦੇ ਹਾਂ ਤਾਂ ਸਾਡਾ ਭਲਾ ਵੀ ਆਪਣੇ ਆਪ ਹੋ ਜਾਂਦਾ ਹੈ। ਇਸ ਲਈ ਅਸੀਂ ਸਭ ਦਾ ਭਲਾ ਕਰਨਾ ਹੈ।



# ਰੰਗ ਭਰੋ





ਨਾਂ ........................................................ ਉਮਰ ......

ਪੂਰਾ ਪਤਾ ..................................................................

..............................................................................

# ਨਵੰਬਰ 2022 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਯਸ਼ਿਕਾ ਭੋਲਾ (ਉਮਰ 9 ਸਾਲ)
ਪਿੰਡ ਤੇ ਡਾਕਖਾਨਾ : ਡੇਰਾ ਬਾਬਾ ਨਾਨਕ
ਜ਼ਿਲਾ ਗੁਰਦਾਸਪੁਰ (ਪੰਜਾਬ)

**ਦੂਸਰਾ ਨੰ :**

ਵੰਦਿਤਾ ਬਜਾਜ (ਉਮਰ 12 ਸਾਲ)
ਗਲੀ ਨੰਬਰ 6, ਨਿਰੰਕਾਰੀ ਕਾਲੋਨੀ
ਦਿੱਲੀ -110009

**ਤੀਸਰਾ ਨੰ :**

ਗੁਰਮੁਖ ਨੂਰ (ਉਮਰ 10 ਸਾਲ)
ਪਿੰਡ ਤੇ ਡਾਕਖਾਨਾ : ਗੁਮਟਾਲਾ
ਜ਼ਿਲਾ ਅੰਮ੍ਰਿਤਸਰ (ਪੰਜਾਬ)

**ਪਸੰਦ ਕੀਤੇ ਗਏ –**

ਹਰਸ਼ਦੀਪ ਕੌਰ (ਕੁਰਾਲੀ),
ਪ੍ਰਭਜੋਤ ਕੌਰ (ਭੈਰੋ ਮਾਜਰਾ),
ਜਸ਼ਨਪ੍ਰੀਤ ਕੌਰ (ਬੋਹਾ),
ਪ੍ਰੇਰਨਾ (ਬੇਦੀ ਨਗਰ),
ਸਮੀਪਤਾ ਖੁਰਾਨਾ (ਜਲੰਧਰ),
ਪਰਵੀਨ ਕੌਰ (ਨਾਨਕ ਨਗਰੀ),
ਰਾਧਾ (ਜਗਰਾਉਂ),
ਵੰਸ਼ਿਕਾ ਬੇਬੋ (ਬੁਢਲਾਡਾ),
ਗੁਰਜਸ਼ (ਭਵਾਨੀ ਗੰਜ),
ਨਿਹਾਰਿਕਾ (ਲੁਧਿਆਣਾ),
ਭਾਵੇਸ਼ ਬਾਂਸਲ (ਰਾਏ ਕੋਟ),
ਸ਼ੁਭਮ (ਹੁਸ਼ਿਆਰਪੁਰ),
ਵਿਦਿਤ ਬਜਾਜ (ਖੁਸ਼ਹਾਲ ਪੁਰ),
ਸ਼ੁਭਪ੍ਰੀਤ (ਅੰਮ੍ਰਿਤਸਰ),
ਪ੍ਰਦੀਪ (ਨਵਾਂ ਸ਼ਹਿਰ),
ਨਿਤਿਨ ਕੰਡਾ (ਤਲਵੰਡੀ ਭਾਈ),
ਸਹਿਜ ਬਾਂਸਲ (ਪਾਤੜਾਂ),
ਸਿਦਕ ਭਾਟੀਆ (ਦੋਰਾਹਾ),
ਸੁਖਮੀਤ (ਸਰਦੂਲ ਗੜ੍ਹ),




## ਫਰਵਰੀ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਮਾਰਚ 2023 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਅਪ੍ਰੈਲ 2023 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ। 15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

ਕਵਿਤਾ: ਰਾਜੇਸ਼ ਚੌਧਰੀ

# ਸਮਾਂ



ਮੇਰਾ ਨਾਮ ਸਮਾਂ ਹੈ ਭਾਈ,
ਮੈਂ ਚੱਲਦਾ ਹੀ ਰਹਿੰਦਾ।
ਮੇਰੇ ਤੇ ਗੁਜਰੇ ਕਿੰਨੇ ਦੁੱਖ-ਸੁਖ,
ਨਹੀਂ ਕਿਸੇ ਨੂੰ ਕਹਿੰਦਾ।

ਮੈਂ ਰੁਕਣ ਦਾ ਨਾਮ ਨਾ ਲੈਂਦਾ,
ਅੱਜ ਕੁੱਝ ਹੋਰ, ਕੱਲ ਕੁੱਝ ਹੁੰਦਾ।
ਪਲ ਭਰ ਵੀ ਆਰਾਮ ਨਾ ਕਰਦਾ,
ਸਾਰੇ ਸੌਂਦੇ ਮੈਂ ਕਦੇ ਨਾ ਸੌਂਦਾ।

ਮੈਂ ਵੇਖੇ ਕਿੰਨੇ ਹੀ ਯੁਗ,
ਸੰਮਤ, ਸਾਲ, ਮਹੀਨੇ ਅਤੇ ਦਿਨ।
ਵੇਖੀ ਕਦੇ ਕਿਸੇ ਦੀ ਮਹਿਮਾ,
ਵੇਖੇ ਕਦੇ ਕਿਸੇ ਦੇ ਬੁਰੇ ਦਿਨ।



ਹਰ ਯੁਗ ਦਾ ਇਤਿਹਾਸ ਸਾਡਾ,
ਕਦੋਂ ਇਸ ਜਗ ਤੇ ਕੀ-ਕੀ ਗੁਜ਼ਰਿਆ?
ਕਿਥੇ ਕਿਸ ਸਮੇਂ ਘਟਿਆ ਕੀ?
ਕੌਣ ਲੜਾਈ ਜਿੱਤਿਆ-ਹਾਰਿਆ?

ਮੇਰੇ ਤੋਂ ਚੱਲਣਾ ਸਿਖੋ ਭਾਈ,
ਮੇਰੀ ਕੀਮਤ ਜਾਣੋ।
ਕੀਮਤੀ ਹੈ ਮੇਰਾ ਹਰ ਪਲ,
ਮੈਨੂੰ ਤਾਂ ਪਛਾਣੋ।

ਲੰਘ ਗਿਆ ਕਦੇ ਵਾਪਸ ਨਾ ਆਇਆ,
ਆਲਸ ਵਿੱਚ ਨਾ ਮੈਨੂੰ ਗਵਾਉ।
ਲੰਘ ਰਿਹਾ ਜੋ ਉਸ ਨੂੰ ਨਾ ਛੱਡੋ,
ਕਰਮ-ਮਾਰਗ ਤੇ ਪੈਰ ਵਧਾਉ।

ਬਾਲ ਕਹਾਣੀ : ਏ.ਪੀ. ਸਿੰਘ

# ਜੈਸੀ ਸੰਗਤ ਵੈਸੀ ਰੰਗਤ

ਪ੍ਰੇਮਚੰਦ ਨੇ ਸਾਰੀ ਉਮਰ ਬਹੁਤ ਧਨ ਕਮਾਇਆ। ਉਸ ਦੇ ਦੋ ਪੁੱਤਰ ਸਨ। ਉਸ ਨੇ ਦੋਨਾਂ ਦਾ ਵਿਆਹ ਵੀ ਕਰ ਦਿੱਤਾ। ਹੁਣ ਪ੍ਰੇਮਚੰਦ ਬੁੱਢਾ ਹੋ ਚੁੱਕਾ ਸੀ। ਉਹ ਨਾ ਕਦੇ ਆਪ ਸਤਿਸੰਗ ਗਿਆ ਸੀ ਅਤੇ ਨਾ ਹੀ ਉਸ ਦੇ ਦੋਨੋਂ ਪੁੱਤਰ, ਜਿਸ ਕਾਰਨ ਘਰ ਵਿੱਚ ਝਗੜਾ ਰਹਿੰਦਾ ਸੀ। ਪ੍ਰੇਮਚੰਦ ਨੇ ਆਪਣੀ ਸਾਰੀ ਧਨ-ਦੌਲਤ ਆਪਣੇ ਦੋਨਾਂ ਪੁੱਤਰਾਂ ਵਿੱਚ ਬਰਾਬਰ ਵੰਡ ਦਿੱਤੀ। ਉਸ ਨੇ ਆਪਣੇ ਕੋਲ ਇੱਕ ਵੀ ਪੈਸਾ ਨਾ ਰੱਖਿਆ।

ਥੋੜੇ ਹੀ ਦਿਨ ਲੰਘੇ ਸਨ ਕਿ ਪ੍ਰੇਮਚੰਦ ਨੂੰ ਮੁਸੀਬਤ ਪੈ ਗਈ। ਵਿਚਾਰਾ ਕਾਫ਼ੀ ਬੁੱਢਾ ਹੋ ਗਿਆ ਸੀ, ਕੋਈ ਵੀ ਪੁੱਤਰ ਉਸ ਨੂੰ ਰੋਟੀ ਨਹੀਂ ਦੇ ਰਿਹਾ ਸੀ। ਉਸ ਦੇ ਪੁੱਤਰ ਵੀ ਉਸ ਨੂੰ ਹੁਣ ਬੁਰਾ-ਭਲਾ ਸੁਣਾ ਦਿੰਦੇ ਸਨ। ਉਹ ਬਹੁਤ ਪਛਤਾਅ ਰਿਹਾ ਸੀ ਕਿ ਜਿਸ ਔਲਾਦ ਲਈ ਸਾਰੀ ਉਮਰ ਕਮਾਈ ਕੀਤੀ ਉਹ ਹੀ ਉਸ ਨੂੰ ਧੱਕੇ ਮਾਰ ਰਹੀ ਹੈ। ਪ੍ਰੇਮਚੰਦ ਕਈ ਵਾਰ ਭੁੱਖਾ ਹੀ ਸੌਂਦਾ ਸੀ। ਇਹ ਸਭ ਪੈਸੇ ਦੇ ਕਾਰਨ ਹੀ ਸੀ ਕਿਉਂਕਿ ਉਸ ਦੇ ਪੁੱਤਰ ਸੋਚਦੇ ਸਨ ਕਿ ਬਾਪੂ ਕੋਲ ਹੁਣ ਕੋਈ ਪੈਸਾ ਨਹੀਂ ਹੈ ਤਾਂ ਅਸੀਂ ਕੀ ਲੈਣਾ ਇਸ ਤੋਂ। ਵਿਚਾਰਾ ਪ੍ਰੇਮਚੰਦ ਕਾਫ਼ੀ ਪਰੇਸ਼ਾਨ ਸੀ।

ਪ੍ਰੇਮਚੰਦ ਨੂੰ ਪਤਾ ਲੱਗਿਆ ਕਿ ਉਸ ਦੇ ਪਿੰਡ ਇੱਕ ਮਹਾਂਪੁਰਸ਼ ਆਏ ਹਨ। ਉਹ ਬਹੁਤ ਚੰਗੀ ਸਲਾਹ ਦਿੰਦੇ ਹਨ। ਪ੍ਰੇਮਚੰਦ ਔਖਾ-ਸੌਖਾ ਉਨ੍ਹਾਂ ਮਹਾਂਪੁਰਸ਼ਾਂ ਕੋਲ ਪਹੁੰਚ ਗਿਆ। ਆਪਣੀ ਸਾਰੀ ਗੱਲ ਉਨ੍ਹਾਂ ਮਹਾਂਪੁਰਸ਼ਾਂ ਨੂੰ ਦੱਸੀ। ਮਹਾਂਪੁਰਸ਼ਾਂ ਨੇ ਪ੍ਰੇਮਚੰਦ ਨੂੰ ਸਮਝਾਇਆ ਕਿ ਜੇਕਰ ਤੁਸੀਂ ਆਪਣੇ ਪੁੱਤਰਾਂ ਨੂੰ ਸਤਿਸੰਗ ਨਾਲ ਜੋੜਦੇ ਤਾਂ ਤੁਹਾਨੂੰ ਅੱਜ ਇਹ ਦਿਨ ਨਹੀਂ ਦੇਖਣਾ ਪੈਂਦਾ। ਪ੍ਰੇਮਚੰਦ ਨੇ ਕਿਹਾ ਕਿ ਮਹਾਂਪੁਰਸ਼ੋ ਹੁਣ ਮੈਂ ਕੀ ਕਰਾਂ? ਮਹਾਂਪੁਰਸ਼ਾਂ ਨੇ





ਉਸ ਨੂੰ ਯੁਕਤ ਦੱਸ ਦਿੱਤੀ ਕਿ ਤੂੰ ਇੱਕ ਗਾਗਰ ਲੈ ਕੇ ਉਸ ਵਿੱਚ ਰੋੜੇ-ਕੰਕਰ ਪਾ ਲਈਂ ਅਤੇ ਜਦੋਂ ਤੈਨੂੰ ਜਿਹੜੀ ਚੀਜ਼ ਦੀ ਲੋੜ ਹੋਵੇ ਉਹ ਗਾਗਰ ਖੜਕਾ ਦਿਆ ਕਰੀਂ। ਦੇਖੀਂ ਫਿਰ ਤੇਰੇ ਪੁੱਤਰ ਤੇਰੀ ਬਹੁਤ ਸੇਵਾ ਕਰਨਗੇ। ਇੱਕ ਗੱਲ ਧਿਆਨ ਰੱਖੀਂ ਆਪਣੀ ਗਾਗਰ ਉਹਨਾਂ ਨੂੰ ਨਾ ਦਿਖਾਵੀਂ। ਪ੍ਰੇਮਚੰਦ ਮਹਾਂਪੁਰਸ਼ਾਂ ਦਾ ਧੰਨਵਾਦ ਕਰ ਕੇ ਘਰ ਪਹੁੰਚਿਆ।

ਮਹਾਂਪੁਰਸ਼ਾਂ ਦੇ ਕਹਿਣ ਅਨੁਸਾਰ ਉਸ ਨੇ ਇੱਕ ਗਾਗਰ ਲੈ ਕੇ ਉਸ ਵਿੱਚ ਰੋੜੇ-ਕੰਕਰ ਭਰ ਲਏ ਅਤੇ ਉਸ ਨੂੰ ਕੱਪੜੇ ਨਾਲ ਬੰਦ ਕਰ ਦਿੱਤਾ। ਪ੍ਰੇਮਚੰਦ ਨੇ ਉਹ ਗਾਗਰ ਖੜਕਾ ਦਿੱਤੀ। ਉਸ ਦੇ ਦੋਨੇ ਪੁੱਤਰ ਭੱਜੇ-ਭੱਜੇ ਆਏ। ਉਨ੍ਹਾਂ ਜਦੋਂ ਬਾਪੂ ਕੋਲ ਗਾਗਰ ਦੇਖੀ ਤਾਂ ਸੋਚਣ ਲੱਗੇ ਅਸਲੀ ਧਨ ਤਾਂ ਬਾਪੂ ਨੇ ਸਾਂਭ ਕੇ ਰੱਖਿਆ ਸੀ। ਇਹ ਸੋਨਾ-ਚਾਂਦੀ ਤਾਂ ਸਭ ਤੋਂ ਮਹਿੰਗਾ ਹੈ। ਉਹ ਪ੍ਰੇਮਚੰਦ ਦੀ ਬਹੁਤ ਸੇਵਾ ਕਰਨ ਲੱਗੇ। ਕੋਈ ਪਾਣੀ ਦੇਵੇ, ਕੋਈ ਰੋਟੀ। ਮਹਾਂਪੁਰਸ਼ਾਂ ਦੀ ਯੁਕਤ ਕੰਮ ਆਈ। ਜਦੋਂ ਵੀ ਪ੍ਰੇਮਚੰਦ ਨੂੰ ਕਿਸੇ ਚੀਜ਼ ਦੀ ਲੋੜ ਹੁੰਦੀ ਤਾਂ ਉਹ ਗਾਗਰ ਖੜਕਾ ਦਿੰਦਾ ਸੀ। ਉਸ ਦੇ ਪੁੱਤਰ ਤਾਂ ਇਹ ਹੀ ਸਮਝਦੇ ਸਨ ਕਿ ਬਾਪੂ ਕੋਲ ਬਹੁਤ ਪੈਸਾ ਹੈ।

ਪ੍ਰੇਮਚੰਦ ਨੇ ਉਸ ਗਾਗਰ ਸਹਾਰੇ ਆਪਣਾ ਸਾਰਾ ਸਮਾਂ ਸੁੱਖ ਨਾਲ ਕੱਢ ਲਿਆ। ਅੰਤ ਇੱਕ ਦਿਨ ਉਸ ਦੀ ਮੌਤ ਹੋ ਗਈ। ਦੋਨਾਂ ਪੁੱਤਰਾਂ ਨੇ ਉਸ ਨੂੰ ਬਹੁਤ ਚੰਗੀ ਤਰ੍ਹਾਂ ਸ਼ਰਧਾਂਜਲੀ ਦਿੱਤੀ। ਦੋਨੋਂ ਪੁੱਤਰ ਆਪਣੇ ਬਾਪੂ ਦੇ ਕਮਰੇ ਵਿੱਚ ਗਏ। ਉਹ ਬਹੁਤ ਉਤਾਵਲੇ ਹੋ ਰਹੇ ਸਨ ਕਿ ਬਾਪੂ ਦੀ ਗਾਗਰ ਵਿੱਚ ਪਤਾ ਨਹੀਂ ਕਿੰਨਾ ਧਨ ਹੋਵੇਗਾ। ਜਦੋਂ ਉਨ੍ਹਾਂ ਨੇ ਉਹ ਗਾਗਰ ਖੋਲ ਕੇ ਦੇਖੀ ਤਾਂ ਉਹ ਬਹੁਤ ਹੈਰਾਨ ਹੋਏ। ਉਸ ਵਿੱਚ ਸਿਰਫ਼ ਰੋੜੇ-ਕੰਕਰ ਸਨ। ਉਹ ਆਪਣੇ ਆਪ ਨੂੰ ਕੋਸ ਰਹੇ ਸਨ ਕਿ ਬਾਪੂ ਸਾਨੂੰ ਮੂਰਖ ਬਣਾ ਕੇ ਚਲਾ ਗਿਆ।

ਸਾਨੂੰ ਵੀ ਆਪਣੇ ਬੱਚਿਆਂ ਨੂੰ ਸਤਿਸੰਗ ਨਾਲ ਹੀ ਜੋੜਨਾ ਚਾਹੀਦਾ ਹੈ। ਸਤਿਸੰਗ ਵਿੱਚ ਹੀ ਸਭ ਖੁਸ਼ੀਆਂ ਹਨ। ਨਹੀਂ ਤਾਂ ਅੰਤ ਵਿੱਚ ਸਾਨੂੰ ਵੀ ਪਛਤਾਉਣਾ ਪੈ ਸਕਦਾ ਹੈ। ਮਹਾਂਪੁਰਸ਼ਾਂ ਦਾ ਸੰਗ ਹੀ ਜ਼ਿੰਦਗੀ ਬਦਲ ਦਿੰਦਾ ਹੈ।

# ਕਦੇ ਨਾ ਭੁੱਲੋ

- ਸਤਿਸੰਗ ਦਾ ਮਹੱਤਵ ਯੁਗਾਂ-ਯੁਗਾਂ ਤੋਂ ਸੰਤਾਂ ਨੇ ਸਮਝਾਇਆ ਹੈ ਕਿ ਜਦ ਸਤਿਸੰਗ, ਸੇਵਾ ਅਤੇ ਸਿਮਰਨ ਦੇ ਉਪਰ ਅਧਾਰਿਤ ਜੀਵਨ ਹੁੰਦਾ ਹੈ ਤਾਂ ਇਸ ਪ੍ਰਭੂ-ਪ੍ਰਮਾਤਮਾ ਦੀ ਜਾਣਕਾਰੀ ਪ੍ਰਾਪਤ ਕਰਕੇ ਇਹ ਜੀਵਨ ਭਗਤੀਮਈ ਹੋ ਜਾਂਦਾ ਹੈ।
- ਆਤਮਾ ਪਰਮਪਿਤਾ-ਪ੍ਰਮਾਤਮਾ ਨਾਲ ਜੋੜਦੇ ਹੀ ਵਿਚਾਰਾਂ ਵਿੱਚ ਤਬਦੀਲੀ ਆਉਂਦੀ ਹੈ। ਬ੍ਰਹਮਗਿਆਨ ਦੀ ਪ੍ਰਾਪਤੀ ਰਾਹੀਂ ਹੀ ਭਰਮ ਦਾ ਨਾਸ਼ ਹੁੰਦਾ ਹੈ ਅਤੇ ਸਾਡੀ ਵਿਚਾਰਧਾਰਾ ਵਿੱਚ ਵਿਸ਼ਾਲਤਾ ਆਉਂਦੀ ਹੈ।
- ਸੇਵਾ ਵੀ ਭਾਵਪੂਰਣ ਸਮਰਪਣ ਵਾਲੀ ਹੋਣੀ ਚਾਹੀਦੀ ਹੈ। ਸੇਵਾ ਤਦੇ ਸਾਰਥਕ ਹੁੰਦੀ ਹੈ ਜਦ ਹੁਕਮ ਅਨੁਸਾਰ ਅਤੇ ਮਨ ਨੂੰ ਪੂਰੀ ਤਰ੍ਹਾਂ ਸਮਰਪਿਤ ਕਰਕੇ ਕੀਤੀ ਜਾਂਦੀ ਹੈ।
- ਜਦ ਵੀ ਸਾਡੇ ਅੰਦਰ ਕ੍ਰੋਧ ਵਰਗਾ ਵਿਕਾਰ ਪੈਦਾ ਹੁੰਦਾ ਹੈ ਉਹ ਪਹਿਲਾਂ ਸਾਡਾ ਨੁਕਸਾਨ ਕਰਦਾ ਹੈ।
- ਜਦ ਵੀ ਗੁਰਸਿੱਖ ਨੂੰ ਪ੍ਰਭੂ ਦਾ ਅਨਿੱਖੜਵਾਂ ਅੰਗ ਸੰਗਤਾਂ ਦਾ ਅਹਿਸਾਸ ਘੱਟ ਹੋ ਜਾਂਦਾ ਹੈ ਤਦ ਹੀ ਭਗਤ ਤੋਂ ਗਲਤੀ ਹੁੰਦੀ ਹੈ। ਪ੍ਰਮਾਤਮਾ ਦਾ ਅਹਿਸਾਸ ਸਾਨੂੰ ਪਲ-ਪਲ ਗਲਤੀ ਤੋਂ ਬਚਾਉਂਦਾ ਹੈ।
- ਰੁੱਖ ਛਾਂ, ਫੁੱਲ ਅਤੇ ਫਲ ਦਿੰਦੇ ਹਨ। ਰੁੱਖ ਨੂੰ ਉਸ ਦੇ ਵਿਵਹਾਰ ਬਾਰੇ ਕਹਿਣਾ ਨਹੀਂ ਪੈਂਦਾ ਪਰ ਮਨੁੱਖ ਨੂੰ ਹੀ ਕਿਹਾ ਜਾਂਦਾ ਹੈ ਕਿ ਮਾਨਵ ਬਣ।

– ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ

- ਇਹ ਜ਼ਰੂਰੀ ਨਹੀਂ ਕਿ ਹਰ ਚੰਗੀ ਚੀਜ਼ ਚੰਗੀ ਜਗ੍ਹਾ ਤੇ ਹੀ ਮਿਲੇ।
- ਜੋ ਦੂਜਿਆਂ ਦੀ ਸੁੱਖ-ਸੰਪਤੀ ਵੇਖ ਕੇ ਖੁਸ਼ ਹੁੰਦਾ ਹੈ, ਉਹ ਵੱਡਭਾਗੀ ਪੁਰਸ਼ ਹੈ।

– ਸੇਕਸਪੀਅਰ

- ਪੈਰ ਵਿੱਚ ਮੋਚ ਅਤੇ ਛੋਟੀ ਸੋਚ ਬੰਦੇ ਨੂੰ ਕਦੇ ਅੱਗੇ ਵੱਧਣ ਨਹੀਂ ਦਿੰਦੀ।
- ਮੌਨ ਰਹਿਣਾ ਹੀ ਕ੍ਰੋਧ ਨੂੰ ਵਸ਼ ਵਿੱਚ ਕਰਨ ਦਾ ਸਭ ਤੋਂ ਵੱਡਾ ਸਟੀਕ ਉਪਾਅ ਹੈ।
- ਹਾਰਨਾ ਅਸਫਲਤਾ ਨਹੀਂ ਹੈ ਬਲਕਿ ਕੋਸ਼ਿਸ਼ ਨਾ ਕਰਨਾ ਹੀ ਸਭ ਤੋਂ ਵੱਡੀ ਅਸਫਲਤਾ ਹੈ।

– ਪ੍ਰੇਮਚੰਦ

- ਹਰ ਮਨੁੱਖ ਦਾ ਸਭ ਤੋਂ ਪਹਿਲਾ ਅਤੇ ਸਭ ਤੋਂ ਵੱਡਾ ਧਰਮ ਇਨਸਾਨੀਅਤ ਹੁੰਦਾ ਹੈ।
- ਸਵੇਰੇ ਉਠੋ ਅਤੇ ਭਗਵਾਨ ਦਾ ਸ਼ੁਕਰੀਆ ਕਰੋ ਜਿਸ ਨੇ ਇੱਕ ਹੋਰ ਸਵੇਰ ਦਿੱਤੀ ਹੈ।
- ਗਿਆਨ ਉਹ ਦੀਵਾ ਹੈ ਜੋ ਜੀਵਨ ਵਿੱਚ ਪ੍ਰਕਾਸ਼ ਫੈਲਾਉਂਦਾ ਹੈ ਜਿਸ ਨਾਲ ਜੀਵਨ ਵਿੱਚ ਉਜਾਲਾ ਹੋ ਜਾਂਦਾ ਹੈ।

– ਸ੍ਰੀਮਦਭਗਵਤ ਗੀਤਾ

**ਸੰਗ੍ਰਹਿ ਕਰਤਾ : ਡਿੰਪਲਜੀਤ ਰੰਧਾਵਾ**

ਲੇਖ : ਜੱਸੀ

# ਗਜ਼ਬ ਦੀਆਂ ਮੱਕੜੀਆਂ



✶ ਮੱਕੜੀਆਂ ਦੀਆਂ ਹੁਣ ਤਕ 30 ਹਜ਼ਾਰ ਤੋਂ ਵੱਧ ਪ੍ਰਜਾਤੀਆਂ ਦਾ ਅਧਿਐਨ ਹੋ ਚੁੱਕਾ ਹੈ ਅਤੇ ਬਾਕੀ ਵੀਹ ਹਜ਼ਾਰ ਪ੍ਰਜਾਤੀਆਂ ਦਾ ਅਧਿਐਨ ਹੋਣਾ ਬਾਕੀ ਹੈ। ਮੱਕੜੀਆਂ ਸੰਪੂਰਣ ਵਿਸ਼ਵ ਵਿੱਚ ਫੈਲੀਆਂ ਹੋਈਆਂ ਹਨ। ਇਸ ਨਾਲ ਜੁੜੀਆਂ ਅਨੇਕ ਅਜਿਹੀਆਂ ਗੱਲਾਂ ਹਨ ਜੋ ਸਾਨੂੰ ਰੋਮਾਂਚਿਤ ਕਰ ਦਿੰਦੀਆਂ ਹਨ।

✶ ਆਮਤੌਰ ਤੇ ਮੱਕੜੀਆਂ ਜਾਲੇ ਬੁਣ ਕੇ ਉਸ ਵਿੱਚ ਸ਼ਿਕਾਰ ਫਸਾਉਂਦੀਆਂ ਹਨ ਲੇਕਿਨ ਕੁਝ ਪ੍ਰਜਾਤੀ ਦੀਆਂ ਮੱਕੜੀਆਂ ਸਿੱਧੇ ਸ਼ਿਕਾਰ ਵੀ ਕਰਦੀਆਂ ਹਨ।

✶ 'ਆਂਟ ਮਿਮਿਕ ਸਪਾਈਡਰ' ਨਾਮਕ ਮੱਕੜੀ ਦੁਸ਼ਮਣ ਤੋਂ ਬਚਣ ਲਈ ਕੀੜੀ ਵਾਂਗ ਦਿੱਸਣ ਦਾ ਢੌਂਗ ਕਰਦੀ ਹੈ ਕਿਉਂਕਿ ਜ਼ਿਆਦਾਤਰ ਜਾਨਵਰ ਕੀੜੀਆਂ ਨਹੀਂ ਖਾਂਦੇ।

✶ 'ਵਾਟਰ ਸਪਾਈਡਰ' ਨਾਮਕ ਮੱਕੜੀ ਬੜੀ ਆਸਾਨੀ ਨਾਲ ਪਾਣੀ ਵਿੱਚ ਗੋਤਾ ਲਗਾਉਂਦੀ ਹੈ। ਗੋਤਾ ਲਗਾਉਂਦੇ ਸਮੇਂ ਉਹ ਆਪਣੇ ਨਾਲ ਢੇਰ ਸਾਰੀ ਆਕਸੀਜਨ ਵੀ ਲੈ ਜਾਂਦੀ ਹੈ ਜੋ ਕਿ ਇਕ ਬੁਲਬਲੇ ਦੇ ਰੂਪ ਵਿੱਚ ਹੁੰਦੀ ਹੈ।

✶ ਮੱਕੜੀ ਦਾ ਜਾਲਾ ਬੜੇ ਕੰਮ ਦੀ ਚੀਜ਼ ਹੈ। ਇਸਦਾ ਉਪਯੋਗ ਜਟਿਲ ਵਿਗਿਆਨਕ ਉਪਕਰਣਾਂ ਅਤੇ ਯੰਤਰਾਂ ਵਿੱਚ ਕੀਤਾ ਜਾਂਦਾ ਹੈ। ਇਸ ਕੰਮ ਲਈ ਵਿਸ਼ੇਸ਼ ਕਿਸਮ ਦੀਆਂ ਮੱਕੜੀਆਂ ਪਾਲੀਆਂ ਜਾਂਦੀਆਂ ਹਨ।

✶ ਗੋਲਿਅਤ ਨਾਮਕ ਮੱਕੜੀ ਸੰਸਾਰ ਦੀ ਸਭ ਤੋਂ ਵੱਡੀ ਮੱਕੜੀ ਹੈ ਜੋ ਕਿ ਸੁਰੀਨਾਮ ਦੇ ਤੱਟੀ ਵਰਖਾ ਜੰਗਲ ਅਤੇ ਫ੍ਰਾਂਸੀਸੀ ਪਾਰਕਾਂ ਵਿੱਚ ਪਾਈ ਜਾਂਦੀ ਹੈ। ਇਸ ਪ੍ਰਜਾਤੀ ਦੀ ਇਕ ਨਰ ਮੱਕੜੀ ਦੀਆਂ ਟੰਗਾਂ ਦਾ ਫੈਲਾਵ ਦੋ ਫੁੱਟ ਤਕ ਹੋ ਸਕਦਾ ਹੈ।

✶ ਆਪ ਨੂੰ ਜਾਣ ਕੇ ਹੈਰਾਨੀ ਹੋਏਗੀ ਕਿ ਇਕ ਮੱਕੜੀ ਅਜਿਹੀ ਵੀ ਸੀ ਜੋ 28 ਸਾਲਾਂ ਤਕ ਜੀਵਤ ਰਹੀ। ਇਹ ਮੈਕਸੀਕੋ ਵਿੱਚ ਫੜੀ ਗਈ ਮਾਦਾ ਥੇਰਾਫੋਸਾਈਡ ਸੀ।

✶ ਮੱਕੜੀ ਦਾ ਸਭ ਤੋਂ ਵੱਡਾ ਜਾਲਾ 28 ਫੁੱਟ ਅਤੇ ਨੌਂ ਇੰਚ ਤੋਂ ਜ਼ਿਆਦਾ ਘੇਰੇ ਵਾਲਾ ਸੀ ਜਿਸ ਨੂੰ ਉਸ਼ਣਕਟਿਬੰਧੀ ਭੂਮੰਡਲ ਦੇ ਜੀਨਸ ਦੇ ਬੁਨਕਰ ਮੱਕੜੀਆਂ ਨੇ ਬੁਣਿਆ ਸੀ।

✶ ਬ੍ਰਾਜੀਲ ਦੀ ਫੋਨੂਟ੍ਰਿਆ ਜੀਨਸ ਦੀ ਘੁੰਮਣ ਵਾਲੀ ਮੱਕੜੀ ਸਭ ਤੋਂ ਜ਼ਿਅਦਾ ਜ਼ਹਿਰੀਲੀ ਹੁੰਦੀ ਹੈ। ਇਹ ਘਰਾਂ ਵਿੱਚ ਵੜ ਕੇ ਜੁੱਤੀਆਂ ਅਤੇ ਕਪੜਿਆਂ ਵਿੱਚ ਲੁਕ ਜਾਂਦੀ ਹੈ ਅਤੇ ਬੁਰੀ ਤਰ੍ਹਾਂ ਕਟਦੀ ਹੈ ਇਸ ਦੇ ਕੱਟਣ ਨਾਲ ਮੌਤ ਵੀ ਹੋ ਸਕਦੀ ਹੈ।


✶ ਲਿਫਿਸਿਟਯਸ ਵੰਸ਼ ਦੀ ਟ੍ਰੇਪਡੋਰ ਮੱਕੜੀ ਸਭ ਤੋਂ ਦੁਰਲਭ ਹੈ ਜੋ ਕਿ ਦੱਖਣ ਪੂਰਬ ਏਸ਼ੀਆ ਵਿੱਚ ਪਾਈ ਜਾਂਦੀ ਹੈ।

✶ ਅਫਰੀਕਾ ਅਤੇ ਮੱਧਪੂਰਬ ਦੇ ਸੁੱਕੇ ਰੇਗਿਸਤਾਨੀ ਇਲਾਕਿਆਂ ਵਿੱਚ ਪਾਈ ਜਾਣ ਵਾਲੀ ਮੱਕੜੀ ਦੀ ਚਾਲ ਸਭ ਤੋਂ ਤੇਜ਼ 16 ਕਿਲੋਮੀਟਰ ਪ੍ਰਤੀਘੰਟਾ ਹੁੰਦੀ ਹੈ।

ਚਿੱਤਰਕਥਾ

# (ਕਿਸਾਨ ਦੀ ਸੂਝਬੂਝ)

ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ








ਜਦ ਉਹ ਹਲਵਾਈ ਦੀ ਦੁਕਾਨ ਦੇ ਕੋਲ ਗਿਆ ਤਾਂ ਉਸ ਨੂੰ ਮਿਠਾਈਆਂ ਦੀ ਖੁਸ਼ਬੂ ਆਉਣ ਲੱਗੀ। ਕਿਸਾਨ ਆਪਣੇ ਆਪ ਨੂੰ ਰੋਕ ਨਹੀਂ ਸਕਿਆ ਅਤੇ ਉਸ ਦੇ ਕੋਲ ਜਾ ਕੇ ਖੜਾ ਹੋ ਗਿਆ। ਕਿਸਾਨ ਉਥੇ ਕੁੱਝ ਦੇਰ ਤਕ ਖੜਾ ਰਿਹਾ ਅਤੇ ਮਿਠਾਈਆਂ ਦੀ ਖੁਸ਼ਬੂ ਦਾ ਆਨੰਦ ਲੈਂਦਾ ਰਿਹਾ।
ਜਦ ਹਲਵਾਈ ਨੇ ਕਿਸਾਨ ਨੂੰ ਮਜੇ ਨਾਲ ਉਸ ਦੀ ਦੁਕਾਨ ਦੀ ਮਿਠਾਈਆਂ ਦੀ ਖੁਸ਼ਬੂ ਦਾ ਆਨੰਦ ਲੈਂਦੇ ਵੇਖਿਆ ਤਾਂ ਉਹ ਕਿਸਾਨ ਦੇ ਕੋਲ ਗਿਆ।
ਪੈਸੇ ਕੱਢੋ।
ਕਿਸਾਨ ਹੈਰਾਨ ਹੋ ਕੇ ਬੋਲਿਆ - ਮੈਂ ਨਾ ਤਾਂ ਤੇਰੇ ਤੋਂ ਮਿਠਾਈ ਖਰੀਦੀ ਹੈ ਅਤੇ ਨਾ ਹੀ ਖਾਧੀ ਹੈ। ਫਿਰ ਪੈਸੇ ਕਿਹੜੀ ਗੱਲ ਦੇ।
ਕਿਸਾਨ ਦੀ ਇਹ ਗੱਲ ਸੁਣ ਕੇ ਹਲਵਾਈ ਉਸ ਨਾਲ ਝਗੜਾ ਕਰਨ ਲੱਗਾ।


ਅਰੇ! ਅਰੇ! ਕੀ ਹੋਇਆ? ਤੁਸੀਂ ਦੋਵੇਂ ਕਿਉਂ ਲੜ ਰਹੇ ਹੋ?


ਕਿਸਾਨ ਨੇ ਸਾਰੀ ਗੱਲ ਦੱਸੀ।
ਅਰੇ ਭਾਈ ਮੈਂ ਤੁਹਾਨੂੰ ਇੱਕ ਸੁਝਾਅ ਦਿੰਦਾ ਹਾਂ।


ਕਿਸਾਨ ਹਲਵਾਈ ਦੇ ਕੋਲ ਗਿਆ। ਉਸ ਨੇ ਆਪਣੀ ਜੇਬ ਵਿਚੋਂ ਕੁੱਝ ਸਿੱਕੇ ਕੱਢੇ ਅਤੇ ਉਹਨਾਂ ਨੂੰ ਦੋਵਾਂ ਹੱਥਾਂ ਵਿੱਚ ਲੈ ਕੇ ਖੜਕਾਇਆ।


ਕਿਸਾਨ ਫਿਰ ਵਾਪਸ ਜਾਣ ਲੱਗਾ ਤਾਂ ਹਲਵਾਈ ਉਸ ਦੇ ਪਿੱਛੇ ਚੱਲਣ ਲੱਗਾ ਅਤੇ ਉਸ ਤੋਂ ਪੈਸੇ ਮੰਗਣ ਲੱਗਾ।
ਮੇਰੇ ਪੈਸੇ ਤਾਂ ਦਿਉ।
ਜਿਵੇਂ ਮਿਠਾਈ ਦੀ ਖੁਸ਼ਬੂ ਦਾ ਆਨੰਦ ਲੈਣਾ ਮਿਠਾਈ ਖਾਣ ਦੇ ਬਰਾਬਰ ਹੀ ਹੈ ਤਾਂ ਫਿਰ ਉਂਝ ਹੀ ਸਿੱਕਿਆਂ ਦੀ ਖਣਕ ਸੁਣਨਾ ਵੀ ਪੈਸੇ ਲੈਣ ਦੇ ਬਰਾਬਰ ਹੀ ਹੈ।
ਇਹ ਸੁਣ ਕੇ ਸਾਰੇ ਲੋਕ ਜ਼ੋਰ-ਜ਼ੋਰ ਨਾਲ ਹੱਸਣ ਲੱਗੇ ਅਤੇ ਹਲਵਾਈ ਸ਼ਰਮਿੰਦਾ ਹੋ ਕੇ ਵਾਪਸ ਚਲਾ ਗਿਆ।
ਸਿੱਖਿਆ : ਸੂਝ-ਬੂਝ ਨਾਲ ਹਰ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ।

# ਬੁੱਧੀ ਦੀ ਪਰਖ

## *ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ !*





Nirankari Radio

radio.nirankari.org

24x7

Kids Divine

ek ruhani muskaan

kids.nirankari.org

Catch the latest episode
on 23rd of every month

News Divine

www.nirankari.org

Catch the latest episode
on 10th of every month

सुनो तराने
नए पुराने

Nirankari Radio

Bhakti Sangeet

radio.nirankari.org

Catch the latest episode
on 20th of every month

SOUL VIBES

radio.nirankari.org

Catch the latest episode
on Last Friday of every month

Voice Divine

radio.nirankari.org

Catch the latest episode
on 1st & 16th of every month

Video & Audio Webcasts on www.nirankari.org - Every month

SANT NIRANKARI MISSION

Registered with the Registrar of Newspaper For India Under RNI No. 32345/1977 : Delhi Postal Regd. No. DL (N)/137/2021-2023
Licence No. U (DN)-60/2021-23
Licenced to post without Pre-payment

# ਸੰਤ ਨਿਰੰਕਾਰੀ ਮੰਡਲ ਰਾਹੀਂ ਪ੍ਰਕਾਸ਼ਿਤ ਹੋਣ ਵਾਲੀਆਂ

## ਪੱਤਰ-ਪੱਤ੍ਰਕਾਵਾਂ

**ਸੰਤ ਨਿਰੰਕਾਰੀ**

❖ ਗਿਆਰ੍ਹਾਂ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋਣ ਵਾਲੀ 'ਸੰਤ ਨਿਰੰਕਾਰੀ' ਅਧਿਆਤਮਿਕ ਮਾਸਿਕ ਪਤ੍ਰਕਾ ਹੈ ਜਿਸ ਵਿਚ ਸਤਿਗੁਰੂ ਪ੍ਰਵਚਨ ਅਤੇ ਅਨੁਭਵੀ ਲੇਖਕਾਂ ਦੀਆਂ ਦਲੀਲ ਭਰਪੂਰ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ।

**'ਏਕ ਨਜ਼ਰ'**

❖ ਤਿੰਨ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਪੰਦਰਵਾੜਾ ਅਖ਼ਬਾਰ 'ਏਕ ਨਜ਼ਰ' ਵਿਚ ਸਤਿਗੁਰੂ ਮਾਤਾ ਜੀ ਦੇ ਦੈਵੀ ਵਚਨ ਅਤੇ ਮਿਸ਼ਨ ਵੱਲੋਂ ਹੋਰਹੀਆਂ ਗਤੀਵਿਧੀਆਂ ਦੇ ਸਮਾਚਾਰ ਪ੍ਰਕਾਸ਼ਿਤ ਹੁੰਦੇ ਹਨ।

**'ਹੰਸਤੀ ਦੁਨੀਆ'**

❖ ਚਾਰ ਭਾਸ਼ਾਵਾਂ ਵਿਚ ਛੱਪਣ ਵਾਲੀ ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਬਾਲ ਮਾਸਿਕ 'ਹੰਸਤੀ ਦੁਨੀਆ' ਵਿਚ ਰੋਚਕ ਕਹਾਣੀਆਂ, ਗਿਆਨ-ਵਰਧਕ ਵਿਗਿਆਨਕ ਲੇਖ, ਕਵਿਤਾਵਾਂ ਅਤੇ ਚਿੱਤਕਥਾਵਾਂ ਸ਼ਾਮਿਲ ਹੁੰਦੀਆਂ ਹਨ।

**ਇਨ੍ਹਾਂ ਪੱਤਰ-ਪੱਤਰਕਾਵਾਂ ਦੀ ਮੈਂਬਰਸ਼ਿਪ ਲਈ ਸੰਪਰਕ ਕਰੋ:-**
Tel. : 011-47660200 (Extn. : 862) | Email : Patrika@nirankari.org

## ਪਾਠਕਾਂ ਦੇ ਲਈ ਸੂਚਨਾ




❖ ਕੀ ਆਪਨੂੰ ਹੰਸਤੀ ਦੁਨੀਆ (ਪੰਜਾਬੀ) ਮਾਸਿਕ, ਪਤ੍ਰਕਾ ਲਗਾਤਾਰ ਮਿਲ ਰਹੀ ਹੈ?

❖ ਪਤ੍ਰਕਾ ਵਿਭਾਗ ਰਾਹੀਂ ਹਰ ਮਹੀਨੇ 23 ਤਾਰੀਕ ਨੂੰ Dispatch (ਡਿਸਪੈਚ) ਕਰ ਦਿੱਤੀ ਜਾਂਦੀ ਹੈ। ਜੇ ਇਕ ਹਫ਼ਤੇ ਤਕ ਵੀ ਆਪਨੂੰ ਇਹ ਨਾ ਮਿਲੇ ਤਾਂ

1. ਅਪਣੇ ਨਜ਼ਦੀਕੀ ਡਾਕਖਾਨੇ ਨਾਲ ਸੰਪਰਕ ਕਰੋ।
2. ਪਤ੍ਰਕਾ ਵਿਭਾਗ ਨੂੰ ਫੋਨ ਨੰਬਰ 011-47660200 (Extn. : 862) OR Help Line No. 011-47660360 ਤੇ ਸੂਚਿਤ ਕਰੋ, ਤਾਂਕਿ ਆਪਨੂੰ ਉਸਦੀ ਦੂਜੀ ਕਾਪੀ ਭਿਜਵਾਈ ਜਾ ਸਕੇ

*ਪਤ੍ਰਕਾ ਵਿਭਾਗ, ਸੰਤ ਨਿਰੰਕਾਰੀ ਮੰਡਲ,*
*ਨਿਰੰਕਾਰੀ ਕੰਪੈਲਕਸ, ਬੁਰਾੜੀ ਰੋਡ, ਦਿੱਲੀ-110009*

Posted at LPC Delhi RMS, Delhi-110006. Prescribed dates 23rd & 24th. Date of Publication: 17th & 18th (Advance Month)